ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ


Email : lokbani08@gmail.com ਸ਼ਨਿਵਾਰ, 14 ਮਈ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 426 ✲ ਮੁੱਲ : 5.00 ਰੁਪਏ ✲ ਕੁੱਲ ਪੇਜ : 10 ✲ ਫੈਕਸ : 0181-2211009 ✲ M. 99155-94111

# ਨੋਰਥ ਕੋਰੀਆ ’ਚ ਕੋਰੋਨਾ ਮਾਮਲਾ ਆਉਣ ਤੇ ਲੱਗਾ ਲਾਕਡਾਊਨ

ਕੋਰੀਅਨ ਸੈਂਟਰਲ ਨਿਊਜ ਏਜੰਸੀ ਨੇ ਕਿਹਾ ਕਿ ਵੀਰਵਾਰ ਨੂੰ ਰਾਜਧਾਨੀ ਪਿਓਂਗਯਾਂਗ ਵਿੱਚ ਕੁਝ ਲੋਕਾਂ ਦਾ ਕੋਵਿਡ ਟੈਸਟ ਹੋਇਆ ਸੀ। ਇਸ ਵਿੱਚ ਇੱਕ ਵਿਅਕਤੀ ਕੋਰੋਨਾ ਦੇ ਓਮੀਕਰੋਨ ਵੇਰੀਐਂਟ ਨਾਲ ਸੰਕਰਮਿਤ ਪਾਇਆ ਗਿਆ। ਮਰੀਜ ਨੂੰ ਅਲੱਗ ਕਰ ਦਿੱਤਾ ਗਿਆ ਹੈ। ਲੋੜੀਂਦੀਆਂ ਸਾਵਧਾਨੀਆਂ ਵਰਤੀਆਂ ਜਾ ਰਹੀਆਂ ਹਨ। ਦੇਸ ਵਿੱਚ ਅਣਮਿੱਥੇ ਸਮੇਂ ਲਈ ਲੌਕਡਾਊਨ ਲਗਾਇਆ ਗਿਆ ਹੈ।



## ਆਪ, ਦੀ ਸਰਕਾਰ ਵੇਲੇ ਹੁਣ ਲੱਗੇ ਮੁੱਖ ਮੰਤਰੀ ਦੀ ਕੋਠੀ ਅੱਗੇ ਤਿੰਨ ਪੱਕੇ ਧਰਨੇ



ਸੰਗਰੂਰ/ਮਾਹੀ:- ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਤਿੰਨ ਪੱਕੇ ਰੋਸ ਧਰਨੇ ਚੱਲ ਰਹੇ ਹਨ। ਕਰੋਨਾ ਯੋਧੇ ਨਰਸਿੰਗ ਸਟਾਫ਼ ਤੇ ਪੈਰਾ ਮੈਡੀਕਲ ਸਟਾਫ਼ ਵੱਲੋਂ ਮੁੱਖ ਮੰਤਰੀ ਦੀ ਕੋਠੀ ਅੱਗੇ 9ਵੇਂ ਦਿਨ ਧਰਨਾ ਅੱਜ ਜਾਰੀ ਰਿਹਾ ਤੇ ਚਾਰ ਨਰਸਾਂ ਲੜੀਵਾਰ ਭੁੱਖ ਹੜਤਾਲ ’ਤੇ ਬੈਠੀਆਂ। ਭੁੱਖ ਹੜਤਾਲੀ ਤੇ ਧਰਨਾਕਾਰੀ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਤੈਅ ਕਰਾਉਣ, ਮੁੜ ਸੇਵਾਵਾਂ ਬਹਾਲ ਕਰਨ ਤੇ ਖਾਲੀ ਅਸਾਮੀਆਂ ’ਤੇ ਰੈਗੂਲਰ ਭਰਤੀ ਦੀ ਮੰਗ ਕਰ ਰਹੇ ਹਨ।

## ਪੰਜਾਬ ਚ ਗਰਮੀ ਨੇ ਕਢੇ ਲੋਕਾਂ ਦੇ ਵੱਟ ਪਾਰਾ 46 ਤੋ 47 ਤੱਕ



ਚੰਡੀਗੜ੍ਹ/ਵਿਨੋਦ ਸ਼ਰਮਾ

ਪੰਜਾਬ ਅਤੇ ਹਰਿਆਣਾ ਵਿੱਚ ਪੈ ਰਹੀ ਅਤਿ ਦੀ ਗਰਮੀ ਨੇ ਕਈ ਸਾਲਾਂ ਦੇ ਰਿਕਾਰਡ ਤੋੜ ਕੇ ਰੱਖ ਦਿੱਤੇ ਹਨ। ਅੱਜ ਪੰਜਾਬ ਵਿੱਚ ਤਾਪਮਾਨ 46 ਡਿਗਰੀ ਸੈਲਸੀਅਸ ਅਤੇ ਹਰਿਆਣਾ ਵਿੱਚ 47 ਡਿਗਰੀ ਸੈਲਸੀਅਸ ’ਤੇ ਪਹੁੰਚ ਗਿਆ ਹੈ। ਮੌਸਮ ਵਿਭਾਗ ਵੱਲੋਂ ਪੂਰਾ ਹਫ਼ਤਾ ਲੂ ਚੱਲਣ ਅਤੇ ਤਾਪਮਾਨ ਹੋਰ ਵਧਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਵਿਭਾਗ ਅਨੁਸਾਰ ਅੱਜ ਪੰਜਾਬ ਵਿੱਚ ਮੁਕਤਸਰ ਅਤੇ ਹਰਿਆਣਾ ਵਿੱਚ ਹਿਸਾਰ ਸਭ ਤੋਂ ਗਰਮ ਸ਼ਹਿਰ ਰਹੇ ਹਨ। ਮੁਕਤਸਰ ਦਾ ਤਾਪਮਾਨ 45.7 ਅਤੇ ਹਿਸਾਰ ਦਾ ਤਾਪਮਾਨ 47.4 ਡਿਗਰੀ ਸੈਲਸੀਅਸ ਰਿਹਾ ਹੈ।

## ਦੁਬਈ ਦੇ ਰਾਸ਼ਟਰਪਤੀ ਸ਼ੇਖ ਖਲੀਫਾ ਬਿਨ ਜਾਇਨ ਦੀ ਹੋਈ ਮੌਤ

ਸੰਯੁਕਤ ਅਰਬ ਅਮੀਰਾਤ ਦੇ ਰਾਸਟਰਪਤੀ ਸੇਖ ਖਲੀਫਾ ਬਿਨ ਜਾਏਦ ਅਲ ਨਾਹਯਾਨ ਦਾ ਸੁੱਕਰਵਾਰ ਨੂੰ ਦਿਹਾਂਤ ਹੋ ਗਿਆ। ਨਿਊਜ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਰਾਸਟਰਪਤੀ ਜਾਇਦ ਅਲ ਨਾਹਯਾਨ ਪਿਛਲੇ ਕਈ ਦਿਨਾਂ ਤੋਂ ਬਿਮਾਰ ਸਨ।



## ਦੇਸ਼ ਦੀ ਰਾਜਧਾਨੀ ਚ ਇਮਾਰਤ ਨੂੰ ਲੱਗੀ ਅੱਗ

ਦਿੱਲੀ/ਕਪੂਰ

ਨਵੀਂ ਦਿੱਲੀ, 13 ਮਈ-ਪੱਛਮੀ ਦਿੱਲੀ ਦੇ ਮੁੰਡਕਾ ਮੈਟਰੋ ਸਟੇਸ਼ਨ ਦੇ ਕੋਲ ਸਥਿਤ ਇਕ ਇਮਾਰਤ ‘ਚ ਅੱਜ ਸ਼ਾਮ ਭਿਆਨਕ ਅੱਗ ਲੱਗ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਦਰਦਨਾਕ ਹਾਦਸੇ ‘ਚ ਇਕ ਔਰਤ ਦੀ ਮੌਤ ਹੋ ਗਈ, ਉੱਥੇ ਅਜੇ ਵੀ ਕਈ ਲੋਕ ਇਮਾਰਤ ‘ਚ ਫਸੇ ਹੋਏ ਹਨ। ਫਾਇਰ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਵਿਭਾਗ ਨੂੰ ਘਟਨਾ ਦੀ ਸੂਚਨਾ ਸ਼ਾਮ ਕਰੀਬ 4.40 ‘ਤੇ ਮਿਲੀ, ਜਿਸ ਦੇ ਬਾਅਦ ਅੱਗ ਬੁਝਾਉਣ ਵਾਲੀਆਂ ਗੱਡੀਆਂ ਨੂੰ ਮੌਕੇ ‘ਤੇ ਭੇਜ ਦਿੱਤਾ ਗਿਆ।



## ਪਾਕਿਸਤਾਨ ਦੇ ਕਰਾਚੀ ਚ ਧਮਾਕਾ 13 ਜਖਮੀ 1 ਦੀ ਮੌਤ

ਅੰਮ੍ਰਿਤਸਰ/ਲੋਕ ਬਣੀ:- ਪਾਕਿਸਤਾਨ ਦੇ ਕਰਾਚੀ ਸ਼ਹਿਰ ‘ਚ ਲੰਘੀ ਦੇਰ ਰਾਤ ਹੋਏ ਬੰਬ ਧਮਾਕੇ ‘ਚ ਇਕ 25 ਸਾਲਾ ਨੌਜਵਾਨ ਦੇ ਮਾਰੇ ਜਾਣ ਅਤੇ 13 ਹੋਰਨਾਂ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਧਮਾਕੇ ਦੇ ਬਾਅਦ ਇਲਾਕੇ ‘ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਇਹ ਆਈ.ਈ. ਡੀ. ਧਮਾਕਾ ਇੰਨਾ ਜ਼ਬਰਦਸਤ ਸੀ ਕਿ ਲੋਕਾਂ ਨੂੰ ਇਸ ਦੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੱਤੀ ਅਤੇ ਆਲੇ-ਦੁਆਲੇ ਖੜ੍ਹੇ ਕਈ ਵਾਹਨਾਂ ਨੂੰ ਭਾਰੀ ਨੁਕਸਾਨ ਪਹੁੰਚਿਆ। ਪ੍ਰਾਪਤ ਜਾਣਕਾਰੀ ਮੁਤਾਬਿਕ ਇਹ ਧਮਾਕਾ ਕਰਾਚੀ ਦੇ ਸਦਰ ਇਲਾਕੇ ਦੀ ਡਾਊਨ ਟਾਊਨ ਆਬਾਦੀ ਵਿਚਲੀ ਯੁਨਾਈਟਿਡ ਬੇਕਰੀ ਨੇੜੇ ਹੋਇਆ ਅਤੇ ਧਮਾਕੇ ਦੇ ਸਮੇਂ ਬਾਜ਼ਾਰ ‘ਚ ਕਾਫੀ ਹਫੜਾ-ਦਫੜੀ ਮਚ ਗਈ। ਬੰਬ ਧਮਾਕੇ ਤੋਂ ਬਾਅਦ ਚਾਰੇ ਪਾਸੇ ਤਬਾਹੀ ਦੇ ਨਿਸ਼ਾਨ ਦਿਖਾਈ ਦੇ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਇਹ ਬੰਬ ਡਸਟਬਿਨ ਦੇ ਕੋਲ ਖੜ੍ਹੇ ਇਕ ਮੋਟਰਸਾਈਕਲ ਦੇ ਨਾਲ ਲਗਾਇਆ ਗਿਆ ਸੀ।



## ਆਪ ਸਰਕਾਰ ਦਾ ਇਕ ਹੋਰ ਫਰਮਾਨ ਸਕੂਲਾਂ ਦੀਆਂ ਛੁੱਟੀਆਂ 1 ਜੂਨ ਤੋਂ

ਜਲੰਧਰ/ਵਿਸ਼ਾਲ ਸ਼ੈਲੀ:- ਪੰਜਾਬ ਸਰਕਾਰ ਦੇ ਵੱਲੋਂ 15 ਮਈ 2022 ਤੋਂ ਲੈ ਕੇ 30 ਜੂਨ 2022 ਤੱਕ ਜਿਹੜਾ ਫ਼ੈਸਲਾ ਹੁਕਮ ਜਾਰੀ ਕੀਤਾ ਗਿਆ ਸੀ, ਉਹ ਹੁਕਮ ਹੁਣ ਸਰਕਾਰ ਦੇ ਵੱਲੋਂ ਵਾਪਸ ਲੈ ਲਿਆ ਗਿਆ ਹੈ। ਸਰਕਾਰ ਦੁਆਰਾ ਜਾਰੀ ਪੱਤਰ ਦੇ ਮੁਤਾਬਿਕ, ਸਰਕਾਰ ਨੇ ਹੁਣ ਇਨ੍ਹਾਂ ਛੁੱਟੀਆਂ ਦੀ ਤਰੀਕ ਬਦਲ ਕੇ 1 ਜੂਨ ਤੋਂ 30 ਜੂਨ ਕਰ ਦਿੱਤੀ ਹੈ ਅਤੇ 15 ਮਈ ਤੋਂ 31 ਮਈ ਤੱਕ ਰੈਗੂਲਰ ਸਕੂਲ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਦੂਜੇ ਪਾਸੇ ਸਿੱਖਿਆ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਦੇ ਵੱਲੋਂ ਟਵੀਟ ਕਰਦੇ ਹੋਏ ਵੀ ਇਸ ਸਬੰਧੀ ਜਾਣਕਾਰੀ ਦਿੱਤੀ ਗਈ ਹੈ।





ਰੋਜ਼ਾਨਾ ਲੋਕ ਬਾਣੀ ਗਰੁੱਪ ਨੂੰ ਹਰ ਦਿਨ ਮਿਲ ਰਹੇ ਪਿਆਰ ਤੇ ਲੋਕਾਂ ਦੇ ਹੱਕਾਂ ਦੇ ਰਾਖੇ ਬਣਨ ਲਈ ਹਰ ਵੇਲੇ ਤਿਆਰ ਰਹਿਣ ਵਾਲੀ ਪੂਰੇ ਪੰਜਾਬ ਦੀ ਟੀਮ ਵੀ ਵਧਾਈ ਦੀ ਪਾਤਰ ਹੈ।

**ਵੱਲੋਂ:- ਸ਼੍ਰੀ ਕੁਲਵੰਤ ਰਾਏ**

ਐਮਡੀ ਰੋਜ਼ਾਨਾ ਲੋਕ ਬਾਣੀ ਜਲੰਧਰ

0181-2211009

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਭਾਰਤ 'ਚ ਘਟੀ ਸਰਕਾਰੀ ਸਕੂਲਾਂ ਦੀ ਗਿਣਤੀ, 50000 ਤੋਂ ਵੱਧ ਸਰਕਾਰੀ ਸਕੂਲ ਹੋਏ ਬੰਦ

**ਨਵੀਂ ਦਿੱਲੀ/ਲੋਕ ਬਾਣੀ**

ਯੂਨੀਫਾਈਡ ਡਿਸਟ੍ਰਿਕਟ ਇਨਫਰਮੇਸ਼ਨ ਸਿਸਟਮ ਫਾਰ ਐਜੂਕੇਸ਼ਨ ( ਰਿਪੋਰਟ 2018-19) ਦੇ ਅੰਕੜਿਆਂ ਅਨੁਸਾਰ, ਪਿਛਲੇ ਸਾਲਾਂ ਵਿੱਚ ਦੇਸ਼ ਵਿੱਚ ਸਰਕਾਰੀ ਸਕੂਲਾਂ ਦੀ ਗਿਣਤੀ ਵਿੱਚ ਕਮੀ ਆਈ ਹੈ। ਜਦੋਂਕਿ ਭਾਰਤ ਵਿੱਚ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਵਧੀ ਹੈ।

ਇਸ ਦੇ ਨਾਲ ਹੀ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਮਹਾਂਮਾਰੀ ਦੌਰਾਨ ਸਰਕਾਰੀ ਸਕੂਲਾਂ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਦਾਖ਼ਲ ਹੋਏ ਹਨ। ਆਰਥਿਕ ਤੰਗੀ ਕਾਰਨ ਕਈ




ਮਾਪਿਆਂ ਨੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਕੱਢ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਦਿੱਤਾ ਹੈ।

ਫਿਰ ਵੀ ਦੇਸ਼ ਵਿੱਚ 50 ਹਜ਼ਾਰ ਤੋਂ ਵੱਧ ਸਰਕਾਰੀ ਸਕੂਲ ਬੰਦ ਹੋ ਚੁੱਕੇ ਹਨ। ਇਹ ਗੱਲ ਸਾਲ 2018-19 ਲਈ ਦੀ ਰਿਪੋਰਟ ਵਿੱਚ ਸਾਹਮਣੇ ਆਈ ਹੈ।

ਤੁਹਾਨੂੰ ਦੱਸ ਦੇਈਏ ਕਿ ਸਕੂਲ ਸਿੱਖਿਆ ਵਿਭਾਗ ਦੀ ਇਕ ਯੂਨਿਟ ਹੈ ਜੋ ਹਰ ਸਾਲ ਸਕੂਲਾਂ ਨਾਲ ਸਬੰਧਤ ਡਾਟਾ ਪ੍ਰਦਾਨ ਕਰਦੀ ਹੈ। ਇਸ ਦੀ ਰਿਪੋਰਟ ਅਨੁਸਾਰ ਸਾਲ 2018-19 'ਚ ਸਰਕਾਰੀ ਸਕੂਲਾਂ ਦੀ ਗਿਣਤੀ 10,83,678 ਸੀ, ਜੋ ਸਾਲ 2019-20 'ਚ ਘੱਟ ਕੇ 10,32,570 'ਤੇ ਆ ਗਈ ਹੈ। ਇਸ ਦੌਰਾਨ ਕਰੀਬ 51 ਹਜ਼ਾਰ ਸਰਕਾਰੀ ਸਕੂਲ ਬੰਦ ਕੀਤੇ ਗਏ ਹਨ।

ਦੀ ਰਿਪੋਰਟ ਅਨੁਸਾਰ ਉੱਤਰ ਪ੍ਰਦੇਸ਼ ਰਾਜ ਵਿੱਚ ਸਭ ਤੋਂ ਵੱਧ ਸਰਕਾਰੀ ਸਕੂਲ ਬੰਦ ਕੀਤੇ ਗਏ ਹਨ। ਯੂਪੀ ਵਿੱਚ, ਜਿੱਥੇ ਸਤੰਬਰ 2018 ਵਿੱਚ ਸਰਕਾਰੀ ਸਕੂਲਾਂ ਦੀ ਗਿਣਤੀ 1,63,142 ਸੀ, ਸਤੰਬਰ 2020 ਵਿੱਚ ਇਹ ਗਿਣਤੀ ਘੱਟ ਕੇ 1,370,68 ਹੋ ਗਈ। ਰਿਪੋਰਟ ਦੇ ਅਨੁਸਾਰ, ਬਿਹਾਰ ਅਤੇ ਬੰਗਾਲ ਅਜਿਹੇ ਦੋ ਰਾਜਾਂ ਵਜੋਂ ਉਭਰੇ ਹਨ ਜਿੱਥੇ ਪਿਛਲੇ ਸਮੇਂ ਵਿੱਚ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇਨ੍ਹਾਂ ਰਾਜਾਂ ਵਿੱਚ ਪਹਿਲਾਂ ਨਾਲੋਂ ਜ਼ਿਆਦਾ ਪ੍ਰਾਈਵੇਟ ਸਕੂਲ ਖੁੱਲ੍ਹ ਗਏ ਹਨ।



## ਫਰੀਦਕੋਟ 'ਚ ਸਰਕਾਰੀ ਕੰਧ 'ਤੇ ਲਿਖਿਆ 'ਖਾਲਿਸਤਾਨ ਜਿੰਦਾਬਾਦ'

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਵਿੱਚ ਖਾਲਿਸਤਾਨੀਆਂ ਦੇ ਵਲੋਂ ਲਗਾਤਾਰ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਤਾਜ਼ਾ ਮਾਮਲਾ ਫਰੀਦਕੋਟ ਦੀ ਬਾਜੀਗਰ ਬਸਤੀ ਤੋਂ ਸਾਹਮਣੇ ਆਇਆ ਹੈ, ਜਿਥੋਂ ਦੇ ਇਕ ਸਰਕਾਰੀ ਅਦਾਰੇ ਦੀ ਕੰਧ 'ਤੇ 'ਖਾਲਿਸਤਾਨ ਜਿੰਦਾਬਾਦ' ਪੇਂਟ ਨਾਲ ਲਿਖਿਆ ਗਿਆ ਮਿਲਿਆ ਹੈ। ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ, ਫਰੀਦਕੋਟ ਦੀ ਜ਼ਿਲ੍ਹਾ ਪੁਲਿਸ ਮੁਖੀ ਅਵਨੀਤ ਕੌਰ ਸਿੱਧੂ ਨੇ ਕਿਹਾ, "ਸਾਡੀ ਟੀਮ ਘਟਨਾ ਸਥਾਨ ਤੇ ਮੌਜੂਦ ਹੈ ਅਤੇ ਸੀਸੀਟੀਵੀ ਫੁਟੇਜ ਚੈੱਕ ਕੀਤੀ ਜਾ ਰਹੀ ਹੈ।

# ਪੰਜਾਬ ਸਰਕਾਰ ਦਾ ਵੱਡਾ ਐਕਸ਼ਨ; ਭ੍ਰਿਸ਼ਟਾਚਾਰ ਦੇ ਮਾਮਲੇ 'ਚ ਸੀਨੀਅਰ ਅ.ਫਸਰ ਸਸਪੈਂਡ

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਆਦੇਸ਼ਾਂ ਤੇ ਅੱਜ ਲੋਕ ਨਿਰਮਾਣ ਵਿਭਾਗ ਦੇ ਵਰਿੰਦਰ ਕੁਮਾਰ, ਨਿਗਰਾਨ ਇੰਜੀਨੀਅਰ ਉਸਾਰੀ ਹਲਕਾ, ਹੁਸਿਆਰਪੁਰ ਨੂੰ ਪ੍ਰੀਵੈਨਸਨ ਆਫ ਕੁਰੱਪਸਨ ਐਕਟ ਅਧੀਨ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ4 ਤਹਿਤ ਤੁਰੰਤ ਪ੍ਰਭਾਵ ਤੋਂ ਸਰਕਾਰੀ ਸੇਵਾ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਵਿੱਚ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਸਖਤ ਕਦਮ ਚੁੱਕੇਗੀ ਅਤੇ ਭ੍ਰਿਸ਼ਟਾਚਾਰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਮੁਅੱਤਲੀ ਦੌਰਾਨ ਅਧਿਕਾਰੀ ਦਾ ਹੈੱਡਕੁਆਟਰ ਮੁੱਖ ਇੰਜੀਨੀਅਰ (ਹੈੱਡਕੁਆਟਰ) ਦਫਤਰ ਪਟਿਆਲਾ ਹੋਵੇਗਾ ਅਤੇ ਸਬੰਧਤ ਅਧਿਕਾਰੀ ਮੁੱਖ ਇੰਜੀਨੀਅਰ (ਹੈੱਡਕੁਆਟਰ) ਦੀ ਪ੍ਰਵਾਨਗੀ ਤੋਂ ਬਿਨਾਂ ਹੈੱਡਕੁਆਟਰ ਨਹੀਂ ਛੱਡੇਗਾ। ਲੋਕ ਨਿਰਮਾਣ ਮੰਤਰੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਬੰਧਤ ਅਧਿਕਾਰੀ ਦੀ ਇੱਕ ਵੀਡੀਓ ਸਾਹਮਣੇ ਆਈ ਸੀ, ਜਿਸ ਵਿੱਚ ਉਹ ਠੇਕੇਦਾਰ ਤੋਂ ਪੈਸੇ ਵਸੂਲ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਉਪਰੰਤ ਐਫ.ਆਈ.ਆਰ. ਦਰਜ ਕੀਤੀ ਗਈ ਸੀ ਅਤੇ ਜਿਸ ਮਗਰੋਂ ਸਬੰਧਤ ਨੂੰ ਮੁਅੱਤਲ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਖੂਨ ਦਾਨ ਕਰਨ ਨਾਲ ਆਤਮਿਕ ਸੰਤੁਸ਼ਟੀ ਮਿਲਦੀ ਹੈ : ਸੰਜੀਵ ਬਾਂਸਲ



**ਜਲੰਧਰ/ਰਕੇਸ਼ ਵਰਮਾ**

ਆਪਣੀ ਧਰਤੀ, ਆਪਣੇ ਲੋਕਾਂ, ਆਪਣੀ ਬੋਲੀ, ਵਾਤਾਵਰਣ ਅਤੇ ਕੁਦਰਤ ਨੂੰ ਬੇਇੰਤਹਾ ਮੁਹੱਬਤ ਕਰਨ ਵਾਲੇ ਮਨੁੱਖ ਦਾ ਕਣ ਕਣ ਆਪਣੇ ਦੇਸ ਨੂੰ ਸਮਰਪਿਤ ਹੁੰਦਾ ਹੈ। ਜਿੰਦਗੀ ਨੂੰ ਅਸਲ ਵਿੱਚ ਜਿਉਣ ਦਾ ਮਿਜਾਜ ਹਾਸਿਲ ਕਰਨ ਵਾਲੇ ਬਾਂਸਲ'ਜ ਗਰੁੱਪ ਸੂਲਰ ਘਰਾਟ ਦੇ ਐਮ ਡੀ ਸ੍ਰੀ ਸੰਜੀਵ ਬਾਂਸਲ, ਚੇਅਰਮੈਨ ਸਸਟੋਬਾਲ ਐਸੋਸੀਏਸਨ ਸੰਗਰੂਰ, ਵਾਇਸ ਚੇਅਰਮੈਨ ਮਾਤਾ ਚਿੰਤਪੂਰਨੀ ਚੈਰੀਟੇਬਲ ਟਰੱਸਟ, ਨੇ ਅੱਜ 28ਵੀਂ ਵਾਰ ਆਪਣਾ ਖੂਨਦਾਨ ਕਰਨ ਸਮੇਂ ਇਹ ਸ਼ਬਦ ਆਖੇ ਕਿ ਮੈਂ ਉਸ ਪਰਿਵਾਰ ਵਿੱਚ ਪੈਦਾ ਹੋਇਆ ਹਾਂ ਜਿੱਥੇ ਦੂਜਿਆਂ ਦੀ ਮਦਦ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਖੂਨ ਇੱਕ ਅਜਿਹੀ ਉੱਤਮ ਦਾਤ ਹੈ ਜਿਸਦਾ ਉਤਪਾਦਨ ਕਿਸੇ ਮਸ਼ੀਨਰੀ ਨਾਲ ਨਹੀਂ ਹੋ ਸਕਦਾ। ਇਸ ਦੀ ਪੂਰਤੀ ਸਿਰਫ ਇਨਸਾਨ ਦੁਆਰਾ ਦੇ ਕੇ ਹੀ ਕੀਤੀ ਜਾਂਦੀ ਹੈ। ਸੋ ਸਾਨੂੰ ਸਾਰਿਆ ਨੂੰ ਵੱਧ ਤੋਂ ਵੱਧ ਖੂਨ ਦਾਨ ਕਰਨਾ ਚਾਹੀਦਾ ਹੈ। ਸਰੀਰ ਅੰਦਰ ਸਿਰਫ 24 ਘੰਟਿਆ ਵਿੱਚ ਹੀ ਖੂਨ ਪੂਰਾ ਹੋ ਜਾਂਦਾ ਹੈ। ਅੱਜ ਉਹਨਾਂ 28ਵੀਂ ਵਾਰ ਖੂਨਦਾਨ ਕਰਕੇ ਆਪਣੀ ਸਮਾਜ ਸੇਵਾ ਦੀ ਭਾਵਨਾ ਨੂੰ ਲਗਾਤਾਰ ਬਰਕਰਾਰ ਰੱਖਿਆ ਹੈ। ਇਸ ਮੌਕੇ ਉਹਨਾਂ ਲਈ ਦੁਆ ਕਰਨ ਵਾਲੇ ਉਹਨਾਂ ਦੇ ਮਿੱਤਰ ਫਿਲਮੀ ਅਦਾਕਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਸੰਜੀਵ ਬਾਂਸਲ ਹਮੇਸਾ ਤੰਦਰੁਸਤ ਰਹਿਣ ਤੇ ਇਹ ਖੂਨ ਦਾਨ ਦੇ ਰਿਕਾਰਡ ਦਾ ਸੈਂਕੜਾ ਪਾਰ ਕਰਨ। ਇਸ ਮੌਕੇ ਸ੍ਰੀ ਅੰਕਿਤ ਬਾਂਸਲ, ਵਿਨਰਜੀਤ ਸਿੰਘ ਗੋਲਡੀ, ਰਜਿੰਦਰ ਸਿੰਘ ਆਦਿ ਹਾਜਰ ਸਨ।

# ਸੈਸ਼ਨ 2021-22 ਦੌਰਾਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ



**ਜਲੰਧਰ/ਰਕੇਸ਼ ਵਰਮਾ**

ਸਰਕਾਰੀ ਪ੍ਰਾਇਮਰੀ ਸਕੂਲ ਚੈਨੇਵਾਲਾ ਦੇ ਸੈਸ਼ਨ 2021-22 ਦੌਰਾਨ ਪੰਜਵੀਂ ਜਮਾਤ ਵਿੱਚੋਂ ਵੱਖ-ਵੱਖ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਮੁਖੀ ਪਲਵਿੰਦਰ ਕੌਰ ਅਤੇ ਸਮੂਹ ਸਟਾਫ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਪੰਜਵੀਂ ਜਮਾਤ ਵਿੱਚੋਂ ਗੁਰਜੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਦੂਸਰਾ ਸਥਾਨ ਸ਼ਗਨਦੀਪ ਕੌਰ ਅਤੇ ਤੀਸਰਾ ਸਥਾਨ ਪ੍ਰਭਦੀਪ ਸਿੰਘ ਨੇ ਪ੍ਰਾਪਤ ਕੀਤਾ।ਇਸ ਮੌਕੇ ਸੀਨੀਅਰ ਅਧਿਆਪਕਾ ਗੁਰਮੀਤ ਕੌਰ ਨੇ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਸੰਦੇਸ਼ ਦਿੱਤਾ।ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਅਤੇ ਡੀ. ਟੀ.ਐੱਫ ਦੇ ਆਗੂ ਜਸਵੀਰ ਸਿੰਘ ਭੰਮਾਂ ਨੇ ਵਿਦਿਆਰਥੀਆਂ ਨੂੰ ਹੌਂਸਲਾ ਅਫਜਾਈ ਦਿੰਦੇ ਹੋਏ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਸਮੇਂ ਕੁਲਵਿੰਦਰ ਸਿੰਘ ਅਤੇ ਸਿਮਰਜੀਤ ਕੌਰ ਨੇ ਵੀ ਆਪਣੇ ਵੱਲੋ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਆਮ ਆਦਮੀ ਪਾਰਟੀ ਦਾ ਵਿਧਾਇਕ ਗ੍ਰਿਫਤਾਰ

**ਨਵੀਂ ਦਿੱਲੀ/ਲੋਕ ਬਾਣੀ**

ਰਾਜਧਾਨੀ ਦਿੱਲੀ ਵਿੱਚ ਚੱਲ ਰਹੀ ਕਬਜੇ ਵਿਰੋਧੀ ਮੁਹਿੰਮ ਦੇ ਦੌਰਾਨ ਵੀਰਵਾਰ ਨੂੰ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਅਮਾਨਤੁੱਲਾ ਖਾਨ ਨੂੰ ਦਿੱਲੀ ਪੁਲਿਸ ਨੇ ਗ੍ਰਿਫਤਾਰ ਕੀਤਾ। ਵਿਧਾਇਕ 'ਤੇ ਸਰਕਾਰੀ ਕਰਮਚਾਰੀ ਨੂੰ ਡਿਊਟੀ ਨਿਭਾਉਣ ਤੋਂ ਰੋਕਣ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਆਪ ਵਿਧਾਇਕ ਅਮਾਨਤੁੱਲਾ ਨੇ ਟਵੀਟ ਕਰਦੇ ਹੋਏ ਦਾਅਵਾ ਕੀਤਾ ਕਿ, ਭਾਜਪਾ ਨਗਰ ਨਿਗਮ ਰਾਹੀਂ ਗਰੀਬ ਲੋਕਾਂ ਦੇ ਘਰਾਂ 'ਤੇ ਬੁਲਡੋਜਰ ਚਲਾ ਰਹੀ ਹੈ। "ਭਾਜਪਾ ਦੇ "ਬੁਲਡੋਜਰ ਸਿਸਟਮ" ਦਾ ਵਿਰੋਧ ਕਰ ਰਹੇ ਲੋਕਾਂ 'ਤੇ ਪੁਲਿਸ ਵੱਲੋਂ ਕੀਤਾ ਗਿਆ ਲਾਠੀਚਾਰਜ ਗੈਰ-ਸੰਵਿਧਾਨਕ ਹੈ। ਅਸੀਂ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਹਾਂ ਅਤੇ ਮੈਂ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਆਵਾਜ ਬੁਲੰਦ ਕਰਾਂਗਾ, ਚਾਹੇ ਕੋਈ ਮਰਜੀ ਹੋਵੇ।

## ਰਾਮ ਰਹੀਮ ਨੂੰ 2 ਕੇਸਾਂ 'ਚ ਮਿਲੀ ਜ਼ਮਾਨਤ

**ਚੰਡੀਗੜ੍ਹ/ਲੋਕ ਬਾਣੀ**

ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਅੱਜ ਅਦਾਲਤ ਦੇ ਵੱਲੋਂ ਦੋ ਕੇਸਾਂ ਦੇ ਵਿੱਚ ਜ਼ਮਾਨਤ ਦੇ ਦਿੱਤੀ ਗਈ। ਖ਼ਬਰਾਂ ਦੀ ਮੰਨੀਏ ਤਾਂ ਬਰਗਾੜੀ ਬੇਅਦਬੀ ਮਾਮਲੇ 'ਚ ਰਾਮ ਰਹੀਮ ਨੂੰ ਰਾਹਤ ਮਿਲ ਗਈ ਹੈ।

ਦੱਸਿਆ ਜਾ ਰਿਹਾ ਹੈ ਕਿ 2015 ਦੇ ਬਰਗਾੜੀ ਬੇਅਦਬੀ ਮਾਮਲੇ 'ਚ ਚਾਰਜਸ਼ੀਟ ਡੇਰਾ ਸੱਚਾ ਸੌਦਾ ਰਾਮ ਰਹੀਮ ਨੇ ਵਿਵਾਦਿਤ ਪੋਸਟਰ ਲਗਾਉਣ ਅਤੇ ਪਵਿੱਤਰ ਸਰੂਪ ਦੀ ਬੇਅਦਬੀ ਦੇ ਮਾਮਲਿਆਂ 'ਚ ਅਦਾਲਤ 'ਚ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ ਹੈ।

# ਕੇਂਦਰੀ ਜੇਲ ਗੁਰਦਾਸਪੁਰ ਵਿੱਚ ਮੈਡੀਕਲ ਕੈਂਪ ਲੱਗਾ



**ਗੁਰਦਾਸਪੁਰ-ਨਵਨੀਤ ਕੁਮਾਰ**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਮੁਹਾਲੀ ਦੀਆਂ ਹਦਾਇਤਾਂ ਮੁਤਾਬਕ ਮਾਨਯੋਗ ਸੈਸ਼ਨ ਜੱਜ ਕਮ-ਚੇਅਰਪਰਸਨ , ਜ਼ਿਲ੍ਹਾ ਕਾਨੂੰਨੀ ਸਵਾਵਾਂ ਅਥਾਰਟੀ , ਗੁਰਦਾਸਪੁਰ ਰਹਿਣਮਈ ਹੇਠ ਅਤੇ ਸ੍ਰੀਮਤੀ ਨਵਦੀਪ ਕੌਰ ਗਿੱਲ, ਸਿਵਲ ਜੱਜ (ਸੀਨੀਅਰ ਡਵੀਜ਼ਨ )-ਕਮ- ਸੀ.ਜੇ.ਐਮ. ਸਹਿਤ ਸਕੱਤਰ , ਜ਼ਿਲ੍ਹਾ ਕਾਨੂੰਨੀ ਸਵਾਵਾਂ ਅਥਾਰਟੀ , ਗੁਰਦਾਸਪੁਰ ਦੀ ਹਦਾਇਤਾਂ ਅਨੁਸਾਰ ਕੇਂਦਰੀ ਜੇਲ ਗੁਰਦਾਸਪੁਰ ਵਿਖੇ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ । ਇਹ ਮੈਡੀਕਲ ਕੈਂਪ ਸਿਵਲ ਸਰਜਨ ਗੁਰਦਾਸਪੁਰ ਦੇ ਸਹਿਯੋਗ ਨਾਲ ਲਗਾਇਆ ਗਿਆ । ਜਿਨ੍ਹਾਂ ਦੁਆਰਾ ਸਰਕਾਰੀ ਹਸਪਤਾਲ ਗੁਰਦਾਸਪੁਰ ਦੇ ਵੱਖ-ਵੱਖ ਬੀਮਾਰੀਆਂ ਦੇ ਮਾਹਿਰ ਡਾਕਟਰਾਂ ਦੀ ਟੀਮ ਦੁਆਰ ਹਵਾਲਤੀਆਂ ਅਤੇ ਕੈਦੀਆਂ ਨੂੰ ਚੈਕ ਕੀਤਾ ਗਿਆ ਅਤੇ ਉਨ੍ਹਾਂ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ।

ਇਹ ਮੈਡੀਕਲ ਕੈਂਪ ਕੇਂਦਰੀ ਜੇਲ , ਗੁਰਦਾਸਪੁਰ ਵਿੱਚ ਬੰਦ ਹਵਾਲਤੀਆਂ ਅਤੇ ਕੈਦੀਆਂ ਦੀ ਮੈਡੀਕਲ ਜਾਂਚ ਕਰਨ ਲਈ ਲਗਾਇਆ ਗਿਆ । ਇਸ ਮੈਡੀਕਲ ਕੈਂਪ ਵਿੱਚ ਸਰਕਾਰੀ ਹਸਪਤਾਲ ਦੇ ਸਪੈਸ਼ਲਿਸਟ ਡਾਕਟਰ ਜਿਵੇ ਕਿ ਡਾਕਟਰ ਮੁਹੱਬਤਪਾਲ ਸਿੰਘ ਮੈਡੀਕਲ ਸਪੈਸ਼ਲਿਸਟ, ਡਾ . ਪ੍ਰਿੰਸ ਅਜੇਪਾਲ ਸਿੰਘ ਆਰਥੋਪੈਡਿਕ , ਡਾ. ਅੰਕਿਤ ਰਤਨ , ਅੱਖਾਂ ਦੇ ਮਾਹਿਰ ਡਾਕਟਰ ਸਮਿਤਾ ਗਾਇਨੇਕੋਲੋਜਿਸਟ, ਡਾ.ਅਜੇਸ਼ਵਰ ਮਹੰਤ , ਪੀਡੀਆਟ੍ਰਿਕ ਅਤੇ ਡਾਕਟਰ ਸਰੋਜਨੀ ਰਾਏ , ਡੈਂਟਲ ਮੈਡੀਕਲ ਅਫ਼ਸਰ ਆਦਿ ਮੌਜੂਦ ਸਨ। ਜ਼ਿਨ੍ਹਾਂ ਦੁਆਰ ਕੇਂਦਰੀ ਜੇਲ ਗੁਰਦਾਸਪੁਰ ਵਿੱਚ 182 ਹਵਲਾਤੀਆਂ /ਕੈਦੀਆਂ ਦੀ ਮੈਡੀਕਲ ਜਾਂਚ ਕੀਤੀ ਗਈ ਅਤੇ ਉਨ੍ਹਾਂ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ । ਇਸ ਕੈਂਪ ਵਿੱਚ ਜੇਲ ਸੁਪਰਡੈਂਟ ਆਰ .ਐਸ.ਹੁੰਦਲ ਅਤੇ ਡਿਪਟੀ ਸੁਪਰਡੈਂਟ ਨਵਇੰਦਰ ਸਿੰਘ ਤੋਂ ਇਲਾਵਾ ਜੇਲ ਦਾ ਸਾਰਾ ਸਟਾਫ਼ ਵੀ ਮੌਜੂਦ ਸੀ ।

# ਮਾਪਿਆਂ ਨੇ ਭਾਰੀ ਉਤਸ਼ਾਹ ਨਾਲ ਸਮਾਰਟ ਸਕੂਲ ਫੀਲਖਾਨਾ ਪਟਿਆਲਾ ਦੀ ਮਾਪੇ-ਅਧਿਆਪਕ ਮਿਲਣੀ 'ਚ ਸ਼ਮੂਲੀਅਤ ਕੀਤੀ

**ਪਟਿਆਲਾ/ਇਕਬਾਲ ਸਿੰਘ**

ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਦੀ ਯੋਗ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨਅੀਰ ਸੈਕੰਡਰੀ ਸਮਾਰਟ ਸਕੂਲ ਫੀਲਖਾਨਾ ਵਿੱਚ ਗਰਮੀਆਂ ਦੀਆਂ ਛੁੱਟੀਆਂ ਵਿੱਚ ਆਨਲਾਈਨ ਜਮਾਤਾਂ ਸੰਬੰਧੀ ਅਤੇ ਬੇਸਲਾਈਨ ਟੈਸਟਾਂ ਸੰਬੰਧੀ ਜਾਣਕਾਰੀ ਦੇਣ ਲਈ ਮਾਪੇ-ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ।

ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਅਤੇ ਸਮੂਹ ਅਧਿਆਪਕਾਂ ਵਲੋਂ ਸਮੂਹ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵਧੀਆ ਸਿੱਖਿਆ ਪ੍ਰਾਪਤੀ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਨੇ ਦੱਸਿਆ ਕਿ ਸਕੂਲ ਮੀਡੀਆ ਕੋਆਰਡੀਨੇਟਰ ਅਕਸ਼ੈ ਕੁਮਾਰ ਦੀ ਅਗਵਾਈ ਵਿੱਚ ਅੱਜ ਸੰਸਥਾ ਵਿਖੇ ਵਿਸ਼ੇਸ਼ ਦਾਖਲਾ ਇਨਕੁਆਰੀ ਕਾਉਂਟਰ ਪਲਗਾਇਆ ਜਿੱਥੇ ਕਿਫਵਿਦਿਆਰਥੀਆਂ ਅਤੇ ਮਾਪਿਆਂ ਨੂੰ ਲੀਫਲੈੱਟ ਵੰਡੇ ਗਏ,ਦਾਖਲਾ ਫਾਰਮ ਦਿੱਤੇ ਗਏ ਅਤੇ ਮੌਕੇ ਤੇ ਹੀ ਵਿਦਿਆਰਥੀਆਂ ਦੇ ਦਾਖਲੇ ਕੀਤੇ ਗਏ। ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਕੂਲ ਵਿੱਚ ਮਿਲਣ ਵਾਲੀਆਂ ਸਹੂਲਤਾਂ ਬਾਰੇ ਵੀ ਮਾਪਿਆ ਨੂੰ ਜਾਣਕਾਰੀ ਦਿੱਤੀ ਗਈ। ਅਧਿਆਪਕਾਂ ਨੇ ਬੱਚਿਆਂ ਨੂੰ ਨਵੇਂ ਸ਼ੈਸ਼ਨ ਵਿੱਚ ਵਧੀਆ ਪੜ੍ਹਾਈ ਲਈ ਟਿਪਸ ਦਿਤੇ। ਇਸ ਮੌਕੇ ਤੇ ਮਾਪਿਆਂ ਅਤੇ ਵਿਦਿਆਰਥੀਆਂ ਲਈ ਚਾਵਲਾਂ ਦਾ ਲੰਗਰ ਲਗਾਇਆ ਗਿਆ। ਮੀਡੀਆ ਕੌਆਰਡੀਨੇਟਰ ਅਕਸ਼ੈ ਕੁਮਾਰ ਨੇ ਦੱਸਿਆ ਕਿ ਸੰਸਥਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਵਸ ਨੂੰ ਸਮਰਪਿਤ ਪੇਟਿੰਗ ਮੁਕਾਬਲਾ ਕਰਵਾਇਆ ਗਿਆ ਤੇ ਪੇਟਿੰਗ ਮੁਕਾਬਲੇ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ ਹੈ। ਪੇਟਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਅਸ਼ਵੀਨ ਸ਼ਰਮਾ , ਦੂਜਾ ਸਥਾਨ ਜਸਲੀਨ ਕੌਰ ਅਤੇ ਤੀਸਰਾ ਸਥਾਨ ਲਵਜੋਤ ਸਿੰਘ ਤੇ ਬਵਲੀਨ ਕੌਰ ਨੇ ਪ੍ਰਾਪਤ ਕੀਤਾ। ਇਸ ਮੌਕੇ ਤੇ ਮੈਡਮ ਪਰਮਿੰਦਰ ਕੌਰ , ਸ.ਪਰਗਟ ਸਿੰਘ , ਮੈਡਮ ਮੋਨੀਸ਼ਾ ਬਾਂਸਲ , ਮੈਡਮ ਸਪਨਾ ਸੇਠੀ ਆਦਿ ਸਟਾਫ ਮੈਂਬਰ ਮੌਜੂਦ ਸਨ।

## ਪੇਟਿੰਗ ਮੁਕਾਬਲੇ ਦੇ ਵਿਦਿਆਰਥੀਆਂ ਨੂੰ ਕੀਤਾ ਗਿਆ ਸਨਮਾਨਿਤ : ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ

# ਪਿੰਡ ਮਾਲੋਵਾਲ ਵਿਖੇ ਝੋਨੇ ਦੀ ਸਿੱਧੀ ਬਿਜਾਈ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਪਿੰਡ ਮਾਲੋਵਾਲ ਵਿਖੇ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਕਰਨ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ । ਇਸ ਮੌਕੇ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਧਰਮ ਪਤਨੀ ਮੈਡਮ ਸੁਹਿੰਦਰ ਕੌਰ ਨੇ ਉਚੇਚੇ ਤੌਰ ਤੇ ਸਿ਼ਰਕਤ ਕੀਤੀ । ਇਸ ਮੌਕੇ ਕਿਸਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੈਡਮ ਸੁਹਿੰਦਰ ਕੌਰ , ਡਾ. ਮਨਿੰਦਰ ਸਿੰਘ ਤੇ ਖੇਤੀ ਮਾਹਿਰਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਖੇਤੀਬਾੜੀ ਨਾਲ ਸਬੰਧਤ ਸਕੀਮਾਂ ਦਾ ਲਾਭ ਉਠਾਉਣ ਤੇ ਪਾਣੀ ਦੀ ਬੱਚਤ ਲਈ ਝੋਨੇ ਦੀ ਸਿੱਧੀ ਬਿਜਾਈ ਕਰਨ । ਇਸ ਮੌਕੇ ਤੇ ਖੇਤੀ ਮਾਹਿਰਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਬੇਲੋੜੀਆਂ ਸਪਰੇਆਂ ਨਾ ਕਰਨ ਤਾਂ ਕਿ ਪ੍ਰਦੂਸਿ਼ਤ ਹੋ ਰਹੇ ਵਾਤਾਵਰਣ ਨੂੰ ਬਚਾਇਆ ਜਾ ਸਕੇ । ਇਸ ਮੌਕੇ ਤੇ ਡਾਕਟਰ ਮਨਿੰਦਰ ਸਿੰਘ ਖੇਤੀਬਾੜੀ ਅਫਸਰ ਬਲਾਕ ਤਰਸਿੱਕਾ, ਡਾਕਟਰ ਅਮਰਜੀਤ ਸਿੰਘ ਬੱਲ, ਡਾ. ਰਮਿੰਦਰ ਕੌਰ, ਡਾ. ਆਸਥਾ, ਡਾ. ਰਸਪਾਲ ਸਿੰਘ, ਡਾ. ਹਰਉਪਿੰਦਰ ਸਿੰਘ ਡਾ. ਸਵਿੰਦਰਬੀਰ ਸਿੰਘ, ਡਾ. ਸੁਖਵੰਤ ਸਿੰਘ, ਹਰਵੰਤ ਸਿੰਘ ਉਮਰਾਨੰਗਲ ਜਿ਼ਲ੍ਹਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ, ਆਪ ਆਗੂ ਐਡਵੋਕੇਟ ਲਵਦੀਪ ਸਿੰਘ ਮਾਲੋਵਾਲ, ਮੈਡਮ ਸੁਨੈਨਾ ਰੰਧਾਵਾ, ਮਨੀ ਜੋਸਨ, ਅਮਨਦੀਪ ਸਿੰਘ ਦਸਮੇਸ ਨਗਰ, ਵਰਿੰਦਰਜੀਤ ਸਿੰਘ ਢੋਟ, ਜਥੇਦਾਰ ਛਨਾਖ ਸਿੰਘ, ਰਣਜੀਤ ਸਿੰਘ ਰਾਣਾ ਵਡਾਲਾ ਜੌਹਲ, ਪ੍ਰਜੀਤ ਸਿੰਘ ਥਿੰਦ, ਕੰਵਲਜੀਤ ਸਿੰਘ ਥਿੰਦ, ਮਨਜੋਤ ਸਿੰਘ ਥਿੰਦ, ਪਰਮਿੰਦਰ ਸਿੰਘ ਥਿੰਦ, ਡਾ. ਜਰਮਨਜੀਤ ਸਿੰਘ ਤੇ ਇਲਾਕੇ ਦੀਆਂ ਕਈ ਹੋਰ ਨਾਮਵਰ ਸਖਸੀਅਤਾਂ ਹਾਜਰ ਸਨ । ਇਸ ਮੌਕੇ ਤੇ ਪਿੰਡ ਵਾਸੀਆਂ ਨੇ ਮੈਡਮ ਸੁਹਿੰਦਰ ਕੌਰ ਨੂੰ ਸਨਮਾਨਿਤ ਵੀ ਕੀਤਾ

# ਡਿਪਟੀ ਕਮਿਸ਼ਨਰ ਗੁਰਦਾਸਪੁਰ ਵਲੋਂ ਲੋਕਾਂ ਨੂੰ ਸਮਾਜਿਕ ਬੁਰਾਈ ਨਸ਼ਿਆਂ ਨੂੰ ਖਤਮ ਕਰਨ ਲਈ ਇਕਜੁੱਟ ਹੋਣ ਦੀ ਅਪੀਲ

## ਨਸ਼ਾ ਪੀੜਤ ਵਿਅਕਤੀ ਦਾ ਇਲਾਜ ਸੰਭਵ, 62391-39973 ਤੇ ਕੇਵਲ ਵਟਸਐਪ ਰਾਹੀ ਭੇਜੋ ਮੈਸੇਜ

**ਗੁਰਦਾਸਪੁਰ-ਨਵਨੀਤ ਕੁਮਾਰ:-** ਡਿਪਟੀ ਕਮਿਸ਼ਨਰ, ਜਨਾਬ ਮੁਹੰਮਦ ਇਸ਼ਫਾਕ ਨੇ ਜਿਲਾ ਵਾਸੀਆਂ ਨੂੰ ਸਮਾਜਿਕ ਬੁਰਾਈ ਨਸ਼ਿਆ ਨੂੰ ਖਤਮ ਕਰਨ ਲਈ ਇਕਜੁੱਟਤਾ ਨਾਲ ਹੰਭਲਾ ਮਾਰਨ ਦੀ ਅਪੀਲ ਕਰਦਿਆਂ ਕਿਹਾ ਕਿ ਨਸ਼ਾ ਇਕ ਬਿਮਾਰੀ ਹੈ, ਜਿਸਦਾ ਇਲਾਜ ਸੰਭਵ ਹੈ।



ਉਨ੍ਹਾਂ ਅੱਗੇ ਦੱਸਿਆ ਕਿ ਨਸ਼ੇ ਦੇ ਬੀਮਾਰ ਦੀ ਪਹਿਚਾਣ ਦੇ ਲੱਛਣ ਜਿਵੇਂ ਭੁੱਖ ਦਾ ਘੱਟ ਲੱਗਣਾ, ਭਾਰ ਘਟਣਾ, ਸਰੀਰ ਵਿਚ ਥਕਾਵਟ ਦਾ ਹੋਣਾ, ਭਿਆਨਕ ਖੰਘ ੋਹਣਾ, ਪਸੀਨਾ ਹੱਦੋਂ ਵੱਧ ਆਉਣਾ, ਉਲਟੀਆਂ ਆਉਣੀਆਂ, ਬਾਥਰੂਮ ਵਿਚ ਜ਼ਿਆਦਾ ਸਮਾਂ ਲੱਗਣਾ, ਕਬਜ਼ ਦਾ ਹੋਣਾ ਤੇ ਹੱਥਾਂ ਬਾਹਾਂ ਤੇ ਸੂਈਆਂ ਦੇ ਨਿਸ਼ਾਨ ਪਾਏ ਜਾਣੇ ਆਦਿ ਹੁੰਦੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਕਿਸੇ ਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਅਜਿਹੇ ਲੱਛਣ ਹਨ ਤਾਂ ਇਸ ਦੇ ਬਾਰੇ ਮੋਬਾਇਲ ਨੰਬਰ 62391-39973 ਤੇ ਕੇਵਲ ਵਟਸਐਪ ਰਾਹੀ ਮੈਸੇਜ ਭੇਜਿਆ ਜਾਵੇ। ਮਰੀਜ ਨੂੰ ਘਰ ਬੈਠੇ ਮੈਡੀਕਲ ਸਹੂਲਤ ਉਪਲੱਬਧ ਕਰਵਾਈ ਜਾਵੇਗੀ, ਮੁਫਤ ਇਲਾਜ ਕਰਵਾਇਆ ਜਾਵੇਗਾ ਤੇ ਸਾਰੀ ਸੂਚਨਾ ਗੁਪਤ ਰੱਖੀ ਜਾਵੇਗੀ

# ਵਧੀਕ ਡਿਪਟੀ ਕਮਿਸ਼ਨਰ ਡਾ. ਅਮਨਦੀਪ ਕੌਰ ਵਲੋਂ ਸਕੂਲ ਵਾਹਨ ਪਾਲਿਸੀ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਅਧਿਕਾਰੀਆਂ ਨੂੰ ਦਿੱਤੀਆਂ ਸਖ਼ਤ ਹਦਾਇਤਾਂ

**ਗੁਰਦਾਸਪੁਰ-ਨਵਨੀਤ ਕੁਮਾਰ:-** ਡਾ. ਅਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਜਨਰਲ/ਸ਼ਹਿਰੀ ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਸਥਾਨਕ ਸਕੂਲ ਵਾਹਨ ਪਾਲਿਸੀ ਸਬੰਧੀ ਅਧਿਕਾਰੀਆਂ ਨਾਲ ਜੂਮ ਮੀਟਿੰਗ ਕੀਤੀ ਗਈ ਤੇ ਅਧਿਕਾਰੀਆਂ ਨੂੰ ਆਵਾਜਾਈ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਹਦਾਇਤ ਕੀਤੀ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਕੂਲ ਵਾਹਨ ਪਾਲਿਸੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਅਤੇ ਅਣਸੁਰੱਖਿਅਤ ਸਕੂਲੀ ਵਾਹਨਾਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ। ਉਨਾਂ ਨੇ ਜ਼ਿਲਾ ਸਿੱਖਿਆ ਅਫਸਰ (ਸ/ਪ) ਨੂੰ ਹਦਾਇਤ ਕਰਦਿਆਂ ਕਿਹਾ ਕਿ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲ ਸਰਟੀਫਿਕੇਟ ਦੇਣ ਕਿ ਜੋ ਉਨਾਂ ਦੇ ਸਕੂਲ ਵਿਚ ਬੱਚਿਆਂ ਲਈ ਸਕੂਲੀ ਵਾਹਨ ਲਗਾਏ ਗਏ ਹਨ ਉਹ ਸਕੂਲ ਵਾਹਨ ਪਾਲਿਸੀ ਦੀ ਇੰਨਬਿੰਨ ਪਾਲਣਾ ਕਰਦੇ ਹਨ। ਟ੍ਰੈਫਿਕ ਪੁਲਿਸ ਵਿਭਾਗ ਨੂੰ ਸਖ਼ਤ ਨਿਰਦੇਸ਼ ਦਿੰਦਿਆਂ ਉਨਾਂ ਕਿਹਾ ਕਿ ਸਖਤੀ ਨਾਲ ਹਦਾਇਤਾਂ ਦੀ ਪਾਲਣਾ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਸੰਭਾਵਿਤ ਸੜਕੀ ਹਾਦਸਿਆਂ ਨੂੰ ਰੋਕਿਆ ਜਾ ਸਕੇ। ਇਸ ਮੌਕੇ ਨੇਹਾ ਨਈਅਰ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਟੇਟ ਕਮਿਸ਼ਨ ਆਫ ਚਾਈਲਡ ਰਾਈਟਸ ਵਲੋਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਵਾਹਨਾਂ ਦੀ ਚੈਕਿੰਗ ਲਈ ਜ਼ਿਲਾ ਪੱਧਰੀ ਕਮੇਟੀ ਗਠਿਤ ਕੀਤੀ ਗਈ ਹੈ। ਜਿਸ ਵਲੋਂ ਪਹਿਲੀ ਅਪ੍ਰੈਲ 2022 ਤੋਂ 10 ਮਈ 2022 ਤਕ 11 ਸਕੂਲਾਂ ਦੀ ਚੈਕਿੰਗ ਕੀਤੀ ਗਈ, 71 ਵਾਹਨ ਚੈੱਕ ਕੀਤੇ ਅਤੇ 34 ਚਲਾਨ ਕੱਟੇ ਗਏ ਹਨ। ਇਸ ਮੌਕੇ ਸੁਖਵਿੰਦਰ ਸਿੰਘ ਬਰਾੜ, ਰਿਜ਼ਨਲ ਟਰਾਂਸਪੋਰਟ ਅਥਾਰਟੀ ਗੁਰਦਾਸਪੁਰ, ਹਰਿੰਦਰ ਸਿੰਘ ਡੀ.ਐਸ.ਪੀ ਬਟਾਲਾ, ਡਾ. ਸ਼ਾਮ ਸਿੰਘ ਡਿਪਟੀ ਕਮਿਸ਼ਨਰ ਪਸ਼ੂ ਪਾਲਣ ਵਿਭਾਗ, ਹਰਪਾਲ ਸਿੰਘ ਸੰਧਾਵਾਲੀਆਂ,ਜਿਲਾ ਸਿੱਖਿਆ ਅਫਸਰ (ਸ), ਜਿਲਾ ਸਮਾਜਿਕ ਸੁਰੱਖਿਆ ਅਫਸਰ ਹਰਨੇਕ ਸਿੰਘ ਸਮੇਤ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

# ਪਿੰਡ ਹੇੜੀਕੇ ਦੀ ਪੰਚਾਇਤੀ ਜ਼ਮੀਨ ਦਾ ਮਾਮਲਾ ਖੂਨੀ ਝੜੱਪ 'ਚ ਬਦਲਿਆ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਇੱਥੋਂ ਨੇੜਲੇ ਪਿੰਡ ਹੇੜੀਕੇ ਵਿਖੇ ਰਿਜ਼ਰਵ ਕੋਟੇ ਦੀ ਪੰਚਾਇਤੀ ਜ਼ਮੀਨ ਨੂੰ ਲੈ ਕੇ ਚੱਲ ਰਹੇ ਵਿਵਾਦ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਦੋ ਧਿਰਾਂ ਵਿੱਚ ਹੋਈ ਹੱਥੋ ਪਾਈ ਦੌਰਾਨ ਪਿੰਡ ਦੇ ਪੰਚਾਇਤ ਮੈਂਬਰ ਗਗਨਦੀਪ ਸਿੰਘ ਦੇ ਦੂਜੀ ਧਿਰ ਨੇ ਸੱਟਾਂ ਮਾਰੀਆਂ ਅਤੇ ਉਸ ਨੂੰ ਤੁਰੰਤ ਸਰਕਾਰੀ ਹਸਪਤਾਲ ਸ਼ੇਰਪੁਰ ਵਿਖੇ ਦਾਖਲ ਕਰਵਾਇਆ ਗਿਆ। ਇਸ ਮਾਮਲੇ ਦੀ ਭਿਣਕ ਜਦੋਂ ਪੁਲੀਸ ਪ੍ਰਸ਼ਾਸਨ ਨੂੰ ਲੱਗੀ ਤਾਂ ਥਾਣਾ ਮੁਖੀ ਸ਼ੇਰਪੁਰ ਇੰਸਪੈਕਟਰ ਸੁਖਵਿੰਦਰ ਕੌਰ ਅਤੇ ਡੀਐੱਸਪੀ ਪਰਮਿੰਦਰ ਸਿੰਘ ਧੂਰੀ ਦੀ ਅਗਵਾਈ ਹੇਠ ਭਾਰੀ ਪੁਲੀਸ ਫੋਰਸ ਸਿਵਲ ਹਸਪਤਾਲ ਸ਼ੇਰਪੁਰ ਵਿਖੇ ਪੁੱਜੀ । ਪੁਲੀਸ ਨੇ ਗਗਨਦੀਪ ਸਿੰਘ ਦੇ ਬਿਆਨਾਂ ਤੇ ਆਧਾਰ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਕੁਝ ਵਿਅਕਤੀਆਂ ਤੇ 307 ਅਤੇ ਹੋਰ ਤਾਰਾ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ । ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਗਗਨਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਨੇ ਜ਼ੇਰੇ ਇਲਾਜ ਹਸਪਤਾਲ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਅੱਜ ਦੁਪਹਿਰ ਸਮੇਂ ਉਹ ਅਤੇ ਉਸਦਾ ਮਿੱਤਰ ਪਿੰਡ ਦੀ ਸਰਪੰਚ ਪਲਵਿੰਦਰ ਕੌਰ ਦੇ ਪਤੀ ਅਵਤਾਰ ਸਿੰਘ ਤੋਂ ਇੱਕ ਲੱਖ ਰੁਪਿਆ ਦਾ ਚੈੱਕ ਲੈ ਕੇ ਬੈਂਕ ਜਾ ਰਿਹਾ ਸੀ ਤਾਂ ਇਸੇ ਦੌਰਾਨ ਕਾਤਰੋਂ ਚੌਕ ਵਿਖੇ ਉੱਥੇ ਪਹਿਲਾਂ ਤੋਂ ਹੀ ਮੌਜੂਦ ਜੈੱਡ ਪੀ ਐਸ ਸੀ ਦੇ 12 -13 ਮੈਂਬਰਾਂ ਨੇ ਮੇਰੀ ਸਕੂਟਰੀ ਨੂੰ ਦੇਖ ਕੇ ਲਲਕਾਰੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਮੇਰੇ ਉੱਪਰ ਦਾਤਾਂ , ਸੋਟੀਆਂ ਨਾਲ ਹਮਲਾ ਕਰ ਦਿੱਤਾ। ਜਦੋਂ ਮੈਂ ਆਪਣੀ ਜਾਨ ਬਚਾਉਣ ਲਈ ਭੱਜਿਆ ,ਫੇਰ ਵੀ ਮੈਨੂੰ ਕੁਝ ਲੋਕਾਂ ਨੇ ਆ ਕੇ ਘੇਰ ਲਿਆ ਅਤੇ ਮਾਰ ਕੁੱਟ ਕੀਤੀ ਮੌਕੇ ਤੇ ਮੌਜੂਦ ਲੋਕਾਂ ਨੇ ਮੇਰੀ ਜਾਨ ਬਚਾਈ । ਇਸ ਮੌਕੇ ਸਰਪੰਚ ਪਲਵਿੰਦਰ ਕੌਰ ਦੇ ਪਤੀ ਅਵਤਾਰ ਸਿੰਘ ਹੇਡੀਕੇ , ਕੁਲਦੀਪ ਸਿੰਘ ਕੀਪਾ ਪ੍ਰਧਾਨ ਅੰਬੇਡਕਰ ਟਾਈਗਰ ਫੋਰਸ ,ਰਮਨਦੀਪ ਸਿੰਘ ਪੰਚਾਇਤ ਮੈਂਬਰ, ਬਲਵਿੰਦਰ ਸਿੰਘ , ਜਰਨੈਲ ਸਿੰਘ ਮੈਂਬਰ, ਗੁਰਜੰਟ ਸਿੰਘ ਮੈਂਬਰ ,ਸੂਰਜ ਪ੍ਰਕਾਸ਼, ਅਮਰੀਕ ਸਿੰਘ, ਮਨਜੀਤ ਸਿੰਘ ਤੋਂ ਇਲਾਵਾ ਪਿੰਡ ਵਾਸੀ ਮੌਜੂਦ ਸਨ । ਇਸ ਘਟਨਾ ਦੇ ਰੋਸ ਵਜੋਂ ਪਿੰਡ ਹੇੜੀਕੇ ਵਾਸੀਆਂ ਵੱਲੋਂ ਕਾਤਰੋਂ ਚੌਕ ਵਿਖੇ ਧਰਨਾ ਲਗਾ ਕੇ ਆਵਾਜਾਈ ਠੱਪ ਕਰ ਦਿੱਤੀ ਅਤੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਦੂਜੇ ਪਾਸੇ ਜੈਡ ਪੀ ਐਸ ਸੀ ਦੇ ਆਗੂ ਜਸਵੰਤ ਸਿੰਘ ਖੇੜੀ ਅਤੇ ਹੋਰਾਂ ਨੇ ਕਿਹਾ ਕੇ ਪਹਿਲਾਂ ਪਿੰਡ ਹੇੜੀਕੇ ਵਿਖੇ ਕੁਝ ਤਕਰਾਰ ਹੋਇਆ ਇਸ ਦੌਰਾਨ ਦੂਜੀ ਧਿਰ ਨੇ ਜੈੱਡ ਪੀ ਐਸ ਸੀ ਦੀ ਇਕ ਆਗੂ ਨਾਲ ਬਦਤਮੀਜ਼ੀ ਕੀਤੀ ਅਤੇ ਸਾਡੀ ਕਮੇਟੀ ਨੂੰ ਵੇਖ ਕੇ ਲਲਕਾਰੇ ਮਾਰੇ ਅਤੇ ਸ਼ੇਰਪੁਰ ਦੇ ਕਾਤਰੋਂ ਚੌਕ ਵਿਖੇ ਹੱਥੋਪਾਈ ਕੀਤੀ ਜਿਸ ਵਿੱਚ ਸਾਡੇ ਕੁਝ ਮੈਂਬਰ ਜਖਮੀ ਹੋਏ ਜਿਨ੍ਹਾਂ ਨੂੰ ਧੂਰੀ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਅਤੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨ ਲਈ ਡੀ ਐੱਸ ਪੀ ਦਫਤਰ ਧੂਰੀ ਦੇ ਦਫ਼ਤਰ ਸਾਹਮਣੇ ਧਰਨਾ ਲਗਾਇਆ ਗਿਆ ।



# ਸੰਤ ਬਾਬਾ ਕਾਹਲਾ ਸਿੰਘ ਜੀ ਲੱਲ ਕਲਾਂ ਵਾਲਿਆਂ ਦੀ 31ਵੀਂ ਬਰਸੀ 15 ਮਈ ਨੂੰ

**ਮਾਛੀਵਾੜਾ ਸਾਹਿਬ/ਭੂਸ਼ਨ ਬਾਂਸਲ ਸੁਸ਼ੀਲ ਅਗਰਵਾਲ:**- ਕਾਰ ਸੇਵਾ ਵਾਲੇ ਮਹਾਂਪੁਰਖ ਬਾਬਾ ਕਾਹਲਾ ਸਿੰਘ ਜੀ ਲੱਲ ਕਲਾਂ ਵਾਲਿਆਂ ਦੀ 31ਵੀਂ ਬਰਸੀ 15 ਮਈ ਨੂੰ ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਬਹੁਤ ਹੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਈ ਜਾ ਰਿਹਾ ਹੈ । ਇਸ ਵਾਰੇ ਜਾਣਕਾਰੀ ਦਿੰਦਿਆਂ ਬਾਬਾ ਜੀ ਦੇ ਪੁਰਾਣੇ ਸੇਵਾਦਾਰ ਨਿਰਮਲ ਸਿੰਘ ਜੇ ਈ ਨੇ ਦੱਸਿਆ ਕਿ ਸੰਤ ਬਾਬਾ ਕਾਹਲਾ ਸਿੰਘ ਜੀ ਲੱਲ ਕਲਾਂ ਵਾਲਿਆਂ ਨੇ ਨਿਸ਼ਕਾਮ ਸੇਵਾ ਕਰਦੇ ਹੋਏ ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਇਕ ਸੁੰਦਰ ਬਾਗ ਲਾਇਆ ਤੇ ਚਾਰ ਏਕੜ ਜ਼ਮੀਨ ਸੰਗਤਾਂ ਦੇ ਸਹਿਯੋਗ ਨਾਲ ਮੁੱਲ ਲੈ ਕੇ ਉੱਥੇ ਵੀ ਅੰਬ , ਅਮਰਦ , ਜਾਮਣ , ਕਿੰਨੂ ਆਦਿ ਫਲਦਾਰ ਰੁੱਖ ਲਾਏ ਜਿਸ ਨਾਲ ਗੁਰਦੁਆਰਾ ਸਾਹਿਬ ਦੀ ਸੁੰਦਰਤਾ ਵਿੱਚ ਵਾਧਾ ਹੋਇਆ ਤੇ ਵਾਤਾਵਰਣ ਦੀ ਸ਼ੁੱਧਤਾ ਲਈ ਆਪਣਾ ਵੱਡਾ ਯੋਗਦਾਨ ਪਾਇਆ ਗਿਆ। ਬਾਬਾ ਜੀ ਦੇ ਸੇਵਾਦਾਰਾਂ ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਮਿੱਤੀ 13 ਮਈ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਅਰੰਭ ਕੀਤੇ ਗਏ ਹਨ ਜਿਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵੱਜੇ ਭੋਗ ਪਾਏ ਜਾਣਗੇ ਤੇ ਉਪਰੰਤ ਪੰਥ ਦੇ ਪ੍ਰਸਿੱਧ ਰਾਗੀ ਢਾਡੀ ਜੱਥੇ ਆਈਆਂ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਇਲਾਕੇ ਦੀਆਂ ਧਾਰਮਿਕ , ਸਮਾਜਿਕ ਤੇ ਰਾਜਨੀਤਿਕ ਜੱਥੇਬੰਦੀਆਂ ਦੇ ਆਗੂ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਸਨੌਰ ਵਿਖੇ ਭਗਵਾਨ ਸ੍ਰੀ ਵਿਸਕਰਮਾ ਜੀ ਦਾ 42ਵਾਂ ਮੂਰਤੀ ਸਥਾਪਨਾਂ ਦਿਵਸ ਮਨਾਇਆ - ਪ੍ਰਧਾਨ ਸੋਹਣ ਲਾਲ

**ਪਟਿਆਲਾ/ਇਕਬਾਲ ਸਿੰਘ:** ਵਿਧਾਨ ਸਭਾ ਹਲਕਾ ਸਨੌਰ ਜਿਲਾ ਪਟਿਆਲਾ ਦੇ ਬੱਸ ਸਟੈਂਡ ਸਨੌਰ ਵਿਖੇ ਸਥਿੱਤ ਭਗਵਾਨ ਸ੍ਰੀ ਵਿਸਵਕਰਮਾ ਜੀ ਮੰਦਿਰ ਵਿਚ ਮੰਦਿਰ ਕਮੇਟੀ ਵੱਲੋਂ 42ਵਾਂ ਮੂਰਤੀ ਸਥਾਪਨਾ ਦਿਵਸ ਬੜੀ ਧੂਮਧਾਮ ਅਤੇ ਸਰਦਾ ਨਾਲ ਮਨਾਇਆ ਗਿਆ, ਸਵੇਰੇ ਸ੍ਰੀ ਵਿਸਵਕਰਮਾ ਮਹਾਂ ਪੁਰਾਣ ਜੀ ਪਾਠ ਦੇ ਭੋਗ ਪਾਏ ਗਏ ਤੇ ਪੰਡਿਤ ਭੋਲਾ ਲਾਲ ਸਾਸਤਰੀ ਜੀ ਤੋਂ ਮੋਹਣ ਲਾਲ ਵਿਰਦੀ ਨੇ ਪਰਿਵਾਰ ਸਮੇਤ ਯੱਗ ਹਮਨ ਕਰਵਾਇਆ ਉਪਰੰਤ ਝੰਡੇ ਦੀ ਰਸਮ ਅਦਾ ਕਰਮਜੀਤ ਸਿੰਘ ਧੀਮਾਨ ਪਟਿਆਲਾ ਵਲੋਂ ਕੀਤੀ ਗਈ, ਇਸ ਮੌਕੇ ਪ੍ਰਸਿੱਧ ਕਲਾਕਾਰ ਤਰਲੋਕ ਧੀਮਾਨ ਸੁਨਾਮ ਤੇ ਉਨ੍ਹਾਂ ਦੀ ਪਾਰਟੀ ਵਲੋਂ ਭਜਨਾਂ ਰਾਂਹੀ ਭਗਵਾਨ ਸ੍ਰੀ ਵਿਸਕਰਮਾ ਜੀ ਦਾ ਗੁਣਗਾਨ ਕੀਤਾ ਗਿਆ,ਮੰਦਿਰ ਕਮੇਟੀ ਵਲੋਂ ਪੰਜਾਬ, ਹਰਿਆਣਾ,ਹਿਮਾਚਲ ਪ੍ਰਦੇਸ ਅਤੇ ਹੋਰ ਪਹੁੰਚੀਆਂ ਮੰਦਿਰ ਕਮੇਟੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੰਦਿਰ ਕਮੇਟੀ ਦੇ ਚੇਅਰਮੈਨ ਸ੍ਰੀ ਜਗਦੀਸ ਸਿੰਘ ਭਰਮੀ, ਪ੍ਰਧਾਨ ਸੋਹਣ ਲਾਲ, ਸੁਰਿੰਦਰ ਧੀਮਾਨ ਕੈਸੀਅਰ, ਗੋਪਾਲ ਸੱਗੂ, ਬਲਵਿੰਦਰ ਪਾਲ ਸੱਗੂ, ਅਨਿਲ ਰੂਪ ਰਾਏ ਸਾਬਕਾ ਪ੍ਰਧਾਨ,ਰਾਜ ਕੁਮਾਰ ਬੱਬੂ ਸਾਬਕਾ ਪ੍ਰਧਾਨ,ਮੋਹਣ ਲਾਲ ਵਿਰਦੀ ,ਜਗਦੀਸ ਲਾਲ ਸੱਗੂ,ਰਾਜੇਸ ਸੱਗੂ ,ਰਾਜੇਸ ਕੁਮਾਰ ਬੰਟੀ ਅਤੇ ਹੋਰ ਵੱਡੀ ਗਿਣਤੀ ਵਿਚ ਸਾਮਿਲ ਹੋਏ।

# ਗੁਰਦਾਸਪੁਰ ਸ਼ਹਿਰ ਨੂੰ ਸਾਫ ਸੁਥਰਾ ਤੇ ਸੁੰਦਰ ਰੱਖਣ ਲਈ ਨਾਈਟ ਕਲੀਨਰ ਅਭਿਆਨ ਸ਼ੁਰੂ




**ਗੁਰਦਾਸਪੁਰ-ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸਾ ਨਿਰਦੇਸਾ ਹੇਠ ਡਾ ਅਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਜਨਰਲ/ਸ਼ਹਿਰੀ ਵਿਕਾਸ)ਦੀ ਹਾਜਰੀ 'ਚ ਨਗਰ ਕੌਸ਼ਲ ਗੁਰਦਾਸਪੁਰ ਵਲੋ ਨਾਈਟ ਕਲੀਨਰ ਅਭਿਆਨ ਸੁਰੂ ਕੀਤਾ ਗਿਆ ਤੇ ਸ਼ਹਿਰ ਦੇ ਬਜਾਰਾਂ ਅਤੇ ਵਾਰਡਾਂ ਦੀ ਸਫਾਈ ਕੀਤੀ ਗਈ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਏ.ਡੀ.ਸੀ.ਡਾ ਅਮਨਦੀਪ ਕੋਰ ਨੇ ਦੱਸਿਆ ਕਿ ਅਸੀਂ ਜਿਲ੍ਹਾ ਗੁਰਦਾਸਪੁਰ ਵਿੱਚ ਨਾਈਟ ਕਲੀਨਰ ਭਾਵ ਰਾਤ ਦੀ ਸਫਾਈ ਦਾ ਕੰਮ ਸੁਰੂ ਕੀਤਾ ਹੈ ਉਨ੍ਹਾਂ ਦੱਸਿਆ ਕਿ ਇਸ ਦਾ ਕਾਰਨ ਇਹ ਹੈ ਕਿ ਜੋ ਡੰਪ ਰਾਤ ਨੂੰ ਇਕੱਠਾ ਹੋ ਜਾਂਦਾ ਹੈ, ਉਸ ਨੂੰ ਚੁੱਕਣ ਵਿਚ ਸਾਨੂੰ ਸਹੂਲਤ ਮਿਲਦੀ ਹੈ ਕਿਉਂਕਿ ਫਿਰ ਦਿਨ ਵਿਚ ਉਹੀ ਕੰਮ ਇਕੱਠਾ ਕਰਨ ਲਈ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸਖਤ ਮਿਹਨਤ ਕਰਨੀ ਪੈਂਦੀ ਹੈ, ਹੁਣ ਇਹ ਕੰਮ ਰਾਤ ਨੂੰ ਕੀਤਾ ਜਾਵੇਗਾ ਅਤੇ ਸਫਾਈ ਵੀ ਕੀਤੀ ਜਾਵੇਗੀ . ਦਿਨ ਵੇਲੇ ਉਨ੍ਹਾਂ ਦੱਸਿਆ ਕਿ ਨਗਰ ਕੌਸਲ ਦੇ ਅਧਿਕਾਰੀ ਰਾਤ ਅਤੇ ਸਵੇਰੇ ਦੋਵੇਂ ਵਾਰਡਾਂ ਅਤੇ ਨਗਰ ਕੌਂਸਲ ਦੇ ਵਾਰਡਾਂ ਦੀ ਸਫਾਈ ਕਰਨਗੇ, ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਸਾਨੂੰ ਐੱਨ.ਜੀ.ਟੀ. ਯਾਨੀ ਕਿ ਨੈਸਨਲ ਗ੍ਰੀਨ ਟ੍ਰਿਬਿਊਨਲ ਵਲੋਂ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ ਕਿ ਰਾਤ ਸਮੇਂ ਵੀ ਸਫਾਈ ਦਾ ਨਿਯਮ ਯਕੀਨੀ ਬਣਾਇਆ ਜਾਵੇ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਗੁਰਦਾਸਪੁਰ ਸ਼ਹਿਰ ਨੂੰ ਸਾਫ ਸੁਥਰਾ ਤੇ ਸੁੰਦਰ ਰੱਖਣ ਲਈ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਸਮੂਹਿਕ ਯਤਨਾਂ ਨਾਲ ਸ਼ਹਿਰ ਨੂੰ ਹੋਰ ਸਾਫ ਸੁਥਰਾ ਰੱਖਣ ਲਈ ਯਤਨ ਕੀਤੇ ਜਾਣਗੇ।





# ਸੰਤ ਡੇ ਬੋਰਡਿੰਗ ਸੀਨੀਅਰ ਸੈਕੰਡਰੀ ਸਕੂਲ ਜੰਡਿਆਲਾ ਗੁਰੂ ਦਾ ਪੰਜਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ:**- ਸੰਤ ਡੇ ਬੋਰਡਿੰਗ ਸੀਨੀਅਰ ਸੈਕੰਡਰੀ ਸਕੂਲ ਦਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ।ਜਿਨ੍ਹਾਂ ਵਿੱਚੋਂ ਰੋਹਨਦੀਪ ਸਿੰਘ ਨੇ 97 ਪ੍ਰੀਸਤ ਅੰਕ ਪ੍ਰਾਪਤ ਕਰਕੇ ਪਹਿਲਾ ਦਰਜਾ,ਨਵਕਿਰਨ ਕੌਰ,ਗੁਰਕਿਰਨ ਕੌਰ ਅਤੇ ਖੁਸਮੀਤ ਕੌਰ ਨੇ 96 ਪ੍ਰੀਸਤ ਅੰਕ ਪ੍ਰਾਪਤ ਕਰਕੇ ਦੂਜਾ ਦਰਜਾ, ਕਿਰਨਪ੍ਰੀਤ ਕੌਰ,ਅਵੀਰਾਜ ਸਿੰਘ ਅਤੇ ਸਹਿਜਦੀਪ ਸਿੰਘ ਨੇ 95 ਪ੍ਰੀਸਤ ਅੰਕ ਪ੍ਰਾਪਤ ਕਰਕੇ ਤੀਜਾ ਦਰਜਾ ਹਾਸਲ ਕੀਤਾ।ਬਾਕੀ ਸਾਰੇ ਵਿਦਿਆਰਥੀਆਂ ਨੇ 90 ਪ੍ਰੀਸਤ ਤੋਂ ਉਪਰ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਤਾ ਪਿਤਾ ਦਾ ਨਾਂ ਰੋਸ਼ਨ ਕੀਤਾ।ਇਸ ਮੌਕੇ ਰਾਸਾ ਦੇ ਪ੍ਰਧਾਨ ਹਰਪਾਲ ਸਿੰਘ ਯੂ.ਕੇ.,ਸਕੂਲ ਦੇ ਪ੍ਰੈਜੀਡੈਂਟ ਅਮੋਲਕ ਸਿੰਘ ਅਤੇ ਪ੍ਰਿੰਸੀਪਲ ਹਰਜੀਤ ਕੌਰ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਵਧਾਈਆਂ ਦਿੰਦਿਆਂ ਹੋਇਆਂ ਕਿਹਾ ਕਿ ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ।

# ਬੀ ਕੇ ਯੂ ਪੰਜਾਬ ਜਥੇਬੰਦੀ ਨੇ ਭਿੰਡਰ ਕਲਾਂ ਦੇ ਕਿਸਾਨ ਨੂੰ ਬੈਂਕ ਤੋਂ ਦਵਾਇਆ ਕਲੀਅਰ ਸਰਟੀਫਿਕੇਟ-ਸੁੱਖ ਗਿੱਲ,ਫਤਿਹ ਸਿੰਘ ਭਿੰਡਰ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਬੀਤੇ ਦਿਨੀ ਭਿੰਡਰ ਕਲਾਂ ਦੇ ਇੱਕ ਕਿਸਾਨ ਦਾ ਬੈਂਕ ਲਿਮਟ ਤਾਰੇ ਤੋਂ ਵੀ ਬੈਂਕ ਵੱਲੋਂ ਕਲੀਅਰ ਸਰਟੀਫਿਕੇਟ ਨਾ ਦਿੱਤੇ ਜਾਣ ਤੇ ਕਿਸਾਨ ਵੱਲੋਂ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਸੁੱਖ ਗਿੱਲ ਜਿਲ੍ਹਾ ਪ੍ਰਧਾਨ ਯੂਥ ਵਿੰਗ ਅਤੇ ਫਤਿਹ ਸਿੰਘ ਭਿੰਡਰ ਨਾਲ ਸੰਪਰਕ ਕੀਤਾ ਤਾਂ ਕਿਸਾਨ ਆਗੂਆਂ ਨੇ ਬੈਂਕ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਭਿੰਡਰ ਕਲਾਂ ਦੇ ਕਿਸਾਨ ਜੋਗਿੰਦਰ ਸਿੰਘ ਨੂੰ ਉਹਨਾਂ ਦੇ ਘਰ ਪਹੁੰਚ ਕੇ ਬੀ ਕੇ ਯੂ ਪੰਜਾਬ ਦੇ ਆਗੂਆਂ ਸੁੱਖ ਗਿੱਲ ਤੋਤਾ ਸਿੰਘ ਵਾਲਾ,ਫਤਿਹ ਸਿੰਘ ਭਿੰਡਰ,ਜਥੇਦਾਰ ਸਤਨਾਮ ਸਿੰਘ ਲੋਹਗੜ੍ਹ,ਹਰਨੇਕ ਸਿੰਘ ਮੈਂਬਰ ਭਿੰਡਰ ਕਲਾਂ ਨੂੰ ਨਾਲ ਲੈ ਕੇ ਬੈਂਕ ਮੁਲਾਜਮਾਂ ਵੱਲੋਂ ਸਰਟੀਫਿਕੇਟ ਭੇਂਟ ਕੀਤਾ ਗਿਆ,ਅਤੇ ਜਥੇਬੰਦੀ ਦੇ ਆਗੂਆਂ ਵੱਲੋਂ ਬੈਂਕ ਮੁਲਾਜਮਾਂ ਦਾ ਧੰਨਵਾਦ ਕੀਤਾ ਗਿਆ,ਇਸ ਮੌਕੇ ਕਿਸਾਨ ਜੋਗਿੰਦਰ ਸਿੰਘ ਵੱਲੋਂ ਜਥੇਬੰਦੀ ਦੇ ਆਗੂਆਂ ਅਤੇ ਬੈਂਕ ਮੁਲਾਜਮਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਵੀ ਕਰਵਾਇਆ ਗਿਆ,ਇਸ ਸਮੇਂ ਹੋਰਨਾਂ ਤੋਂ ਇਲਾਵਾ ਰਛਪਾਲ ਸਿੰਘ ਭਿੰਡਰ ਬਲਾਕ ਪ੍ਰਧਾਨ,ਥਾਣੇਦਾਰ ਭਿੰਡਰ,ਜਸਵੰਤ ਸਿੰਘ ਬੱਡੂ ਵਾਲਾ,ਇੰਦਰ ਗਿੱਲ,ਤਲਵਿੰਦਰ ਗਿੱਲ,ਵੀਰਪਾਲ ਕੌਰ ਲੋਹਗੜ੍ਹ ਬਲਾਕ ਪ੍ਰਧਾਨ ਧਰਮਕੋਟ,ਗੁਰਚਰਨ ਸਿੰਘ ਨੰਬਰਦਾਰ ਰਸੂਲਪੁਰ ਹਾਜਰ ਸਨ!

# ਪੰਜਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ




**ਜੰਡਿਆਲਾ ਗੁਰੂ/ ਸਪਾਲ ਸ਼ਰਮਾ**

ਹਲਕਾ ਬਾਬਾ ਬਕਾਲਾ ਸਾਹਿਬ ਦੇ ਅੰਦਰ ਆਉਂਦੇ ਪਿੰਡ ਧੂਲਕਾ ਵਿਖੇ ਸੱਤਿਆ ਐਲੀਮੈਂਟਰੀ ਸਕੂਲ ਦਾ ਪੰਜਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ ਜਿਸ ਵਿੱਚ ਲੜਕੀਆਂ ਨੇ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ ਤੇ ਸਫ਼ਲਤਾ ਪ੍ਰਾਪਤ ਕੀਤੀ ਇਸ ਸੰਬੰਧੀ ਜਾਣਕਾਰੀ ਦਿੰਦਿਆ ਮੈਡਮ ਹਰਪ੍ਰੀਤ ਕੌਰ ਨੇ ਕਿਹਾ ਕਿ ਇਸ ਵਾਰ ਵੀ ਪੰਜਵੀਂ ਦਾ ਨਤੀਜਾ ਸੌ ਫੀਸਦੀ ਰਿਹਾ ਇਸ ਦੌਰਾਨ ਅਮਨਪ੍ਰੀਤ ਕੌਰ ਦਮਨਪ੍ਰੀਤ ਕੌਰ ਏਕਮਜੀਤ ਆਦਿ ਨੇ ਕ੍ਰਮਵਾਰ ਪਹਿਲਾ ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ ਇਸ ਮੌਕੇ ਉਨ੍ਹਾਂ ਨਾਲ ਮੈਡਮ ਮਨਦੀਪ ਕੌਰ ਮਨਪ੍ਰੀਤ ਕੌਰ ਕੰਵਲਜੀਤ ਕੌਰ ਮੈਡਮ ਸੁਸ਼ੀਲ ਨਵਜੋਤ ਕੌਰ ਪ੍ਰੀਤ ਬੀਰ ਅਮਨਪ੍ਰੀਤ ਜਸਪ੍ਰੀਤ ਕੌਰ ਆਦਿ ਹਾਜ਼ਰ ਸਨ।

# ਜੇਕਰ ਵਿਦਿਆਰਥੀ ਆਗੂ ਰੋਹਿਤ ਕੁਮਾਰ ਨੂੰ ਰਿਹਾਅ ਨਾ ਕੀਤਾ ਤਾਂ ਸ਼ੰਘਰਸ ਕਰਾਂਗੇ- ਰਾਜੂ ਬਰਨਾਲਾ



**ਸ਼ਹੀਦ ਭਗਤ ਸਿੰਘ ਨਗਰ**

ਅੱਜ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਆਗੂ ਰਾਜੂ ਬਰਨਾਲਾ ਵੱਲੋਂ ਕਿਹਾ ਗਿਆ ਕਿ ਅੱਜ ਰੋਪੜ ਪੁਲਿਸ ਵੱਲੋਂ ਵਿਦਿਆਰਥੀ ਆਗੂ ਰੋਹਿਤ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਕਿਉਂਕਿ ਉਨ੍ਹਾਂ ਵੱਲੋਂ ਸਥਾਨਕ ਕਾਲਜ ਵਿੱਚ ਰੱਖੇ ਹੋਏ ਈਵੀਐਮ ਮਸ਼ੀਨਾਂ ਨੂੰ ਚੁਕਵਾਉਣ ਲਈ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਿਆ ਗਿਆ ਸੀ,ਪਰ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਪ੍ਰਸ਼ਾਸ਼ਨ ਨੇ ਵਿਦਿਆਰਥੀ ਆਗੂ ਨੂੰ ਗ੍ਰਿਫਤਾਰ ਕਰ ਕੇ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ ਹੈ,ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਰੋਹਿਤ ਕੁਮਾਰ ਉਹ ਆਗੂ ਹੈ,ਜਿਸ ਨੇ ਪਿਛਲੇ ਸਮੇਂ ਵਿੱਚ ਵਿਦਿਆਰਥੀ ਮੰਗਾਂ ਨੂੰ ਲੈ ਕੇ ਲੜੇ ਕਈ ਸੰਘਰਸ ਕੀਤੇ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਵਿਦਿਆਰਥੀਆਂ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਰੋਹਿਤ ਕੁਮਾਰ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ ਤੇ ਉਨ੍ਹਾਂ ਵਿਦਿਆਰਥੀਆਂ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ।ਇਸ ਮੌਕੇ ਆਈਟੀਆਈ ਇਕਾਈ ਦੇ ਪ੍ਰਧਾਨ ਪ੍ਰਭਜੋਤ ਸਿੰਘ ਬਾਗੋਵਾਲ ਨੇ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਆਗੂਆਂ ਨੂੰ ਰਿਹਾਅ ਨਹੀਂ ਕਰਦੀ ਹੈ ਤਾਂ ਇਸ ਤਿੱਖਾ ਵਿਰੋਧ ਵਿਦਿਆਰਥੀਆਂ ਵੱਲੋਂ ਕੀਤਾ ਜਾਵੇਗਾ ਇਸ ਮੌਕੇ ਵਿਦਿਆਰਥੀ ਆਗੂ ਰਾਹੁਲ ਤੋਮਰ ਯੋਗੇਸ਼ ਸਿੰਘ ,ਹਰਵਿੰਦਰ ਸਿੰਘ ਤੋਂ ਇਲਾਵਾ ਬਿਕਰਮ ਸਿੰਘ,ਕਰਨ,ਸ਼ਿਵ ਕੁਮਾਰ,ਸੌਰਵ,ਦਲਜੀਤ ਸਿੰਘ,ਹਰਪ੍ਰੀਤ ਸਿੰਘ ਆਦਿ ਸਿਖਿਆਰਥੀ ਹਾਜਰ ਸਨ।

# ਜਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਭੀਖ ਮੰਗਣ ਤੋਂ ਰੋਕਣ ਲਈ ਚਲਾਇਆ ਗਿਆ ਅਭਿਆਨ





**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ ਭਾਂਬਰੀ**

ਪੰਜਾਬ ਸਰਕਾਰ ਦੇ ਉਪਰਾਲੇ ਸਦਕਾ ਅਤੇ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋ ਜਾਰੀ ਹਦਾਇਤਾਂ ਤੇ ਕਾਰਵਾਈ ਕਰਦੇ ਹੋਏ ਰਾਜ ਵਿੱਚ ਬਾਲ ਭਿਖਿਆ ਨੂੰ ਰੋਕਣ ਲਈ ਮਿਤੀ 11.05.2022 ਨੂੰ ਜਿਲ੍ਹਾ ਬਾਲ ਸੁਰੱਖਿਆ ਯੂਨਿਟ, ਲੁਧਿਆਣਾ, ਸਿੱਖਿਆ ਵਿਭਾਗ, ਚਾਈਲਡ ਲਾਈਨ, ਪੁਲਿਸ ਵਿਭਾਗ ਅਤੇ ਆਸ ਅਹਿਸਾਸ ਵੱਲੋ ਸਾਂਝੇ ਤੌਰ ਤੇ ਲੁਧਿਆਣਾ ਦੇ ਵੱਖ-ਵੱਖ ਥਾਵਾਂ ਤੇ ਬਾਲ ਭਿਖਾਰੀਆਂ ਨੂੰ ਭੀਖ ਮੰਗਣ ਤੋਂ ਰੋਕਣ ਲਈ ਇਕ ਅਭਿਆਨ ਚਲਾਇਆ ਗਿਆ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਵੱਲੋ ਜਿਲ੍ਹਾ ਬਾਲ ਸੁਰੱਖਿਆ ਅਫਸਰ ਨੂੰ ਮੁਕੰਮਲ ਰੂਪ ਵਿੱਚ ਚਾਇਲਡ ਬੈਗਿੰਗ ਰੇਡ ਦਾ ਨੋਡਲ ਅਫਸਰ ਬਣਾਇਆ ਗਿਆ ਜਿਨ੍ਹਾਂ ਦੀ ਪ੍ਰਧਾਨਗੀ ਹੇਠ ਚਾਇਲਡ ਬੈਗਿੰਗ ਦੀ ਰੇਡ ਕੀਤੀ ਗਈ ਇਸ ਰੇਡ ਵਿੱਚ ਭਾਰਤ ਨਗਰ ਚੌਂਕ ਅਤੇ ਬੱਸ ਸਟੈਂਡ ਦੇ ਨੇੜਲੇ ਇਲਾਕਿਆਂ ਵਿੱਚ ਜਾ ਕੇ ਬੱਚਿਆਂ ਨੂੰ ਭੀਖ ਮੰਗਣ ਤੋਂ ਰੋਕਿਆ ਗਿਆ। ਇਸ ਅਭਿਆਨ ਵਿਚ 7 ਬੱਚਿਆਂ ਨੂੰ ਭੀਖ ਮੰਗਦੇ ਪਕੜਿਆ ਗਿਆ। ਬਾਲ ਸੁਰੱਖਿਆ ਵਿਭਾਗ ਦੀ ਟੀਮ ਵੱਲੋ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਬਾਲ ਭਲਾਈ ਕਮੇਟੀ ਸਾਹਮਣੇ ਪੇਸ਼ ਕੀਤਾ ਗਿਆ ਅਤੇ ਉਹਨਾਂ ਦੀ ਕਾਊਂਸਲਿੰਗ ਕੀਤੀ ਤੇ ਉਹਨਾਂ ਨੂੰ ਭਵਿੱਖ ਵਿੱਚ ਬੱਚਿਆਂ ਤੋਂ ਭੀਖ ਨਾ ਮੰਗਵਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਉਹਨਾਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉਣ ਲਈ ਵੀ ਉਤਸਾਹਿਤ ਕੀਤਾ ਗਿਆ। ਸ਼੍ਰੀਮਤੀ ਰਸ਼ਮੀ, ਜਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋ ਦੱਸਿਆ ਗਿਆ ਕਿ ਭਵਿੱਖ ਵਿੱਚ ਵੀ ਅਜਿਹੀਆਂ ਅਚਨਚੇਤ ਚੈਕਿੰਗਾਂ ਹੋਣਗੀਆਂ ਤਾਂ ਕਿ ਲੁਧਿਆਣਾ ਨੂੰ ਬਾਲ ਭਿਖਿਆ ਤੋਂ ਮੁਕਤ ਕੀਤਾ ਜਾ ਸਕੇ ਅਤੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾ ਕੇ ਉਹਨਾਂ ਦਾ ਭਵਿੱਖ ਸੁਰੱਖਿਅਤ ਅਤੇ ਉੱਜਵਲ ਬਣਾਇਆ ਜਾ ਸਕੇ। ਬਾਕੀ ਵਿਭਾਗਾਂ ਵੱਲੋ ਜੋ ਵੀ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਉਹਨਾਂ ਬਾਰੇ ਵੀ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਜਾਣੂੰ ਕਰਵਾਇਆ ਗਿਆ। ਟੀਮ ਵਿੱਚ ਬਾਲ ਸੁਰੱਖਿਆ ਵਿਭਾਗ ਦੇ ਸ਼੍ਰੀਮਤੀ ਹਰਪ੍ਰੀਤ ਕੌਰ (ਬਾਲ ਸੁਰੱਖਿਆ ਅਫਸਰ () ਅਤੇ ਸ਼੍ਰੀਮਤੀ ਰੀਤੂ ਸੂਦ (ਆਊਟਰੀਚ ਵਰਕਰ) ਹਾਜ਼ਰ ਸਨ ।

# ਪੁਲਿਸ ਵਲੋ ਰਾਤ ਸਮੇ ਬਿਨਾ ਪ੍ਰਮਿਸ਼ਨ ਤੋਂ ਘਰ ਦੀ ਤਲਾਸ਼ੀ ਤੇ 13 ਸਾਲਾਂ ਬੱਚੀ ਨਾਲ ਦੁਰਵਿਹਾਰ- ਪੀੜਤ ਮਹਿਲਾ



**ਪਟਿਆਲਾ/ਇਕਬਾਲ ਸਿੰਘ**

ਭਾਦਸੋਂ ਦੀ ਰਹਿਣ ਵਾਲੀ ਪ੍ਰਿਆ ਸਿੰਗਲਾ ਨਾਂ ਦੀ ਔਰਤ ਨੇ ਪ੍ਰੈੱਸ ਕਾਨਫਰੰਸ ਕਰਕੇ ਇਹ ਦੋਸ਼ ਲਾਏ ਹਨ ਕਿ ਉਸ ਦੇ ਘਰ ਵਿਚ ਸਥਾਨਕ ਪੁਲੀਸ ਅਤੇ ਸ਼ਰਾਬ ਦੇ ਕੁਝ ਠੇਕੇਦਾਰਾਂ ਵੱਲੋਂ ਉਸ ਦੇ ਘਰ ਵਿਚ ਰਾਤ ਸਮੇਂ ਆ ਕੇ ਰੇਡ ਕੀਤੀ ਗਈ ਅਤੇ ਫਰੋਲਾ ਫਰਾਲੀ ਕੀਤੀ ਗਈ ਪ੍ਰਿਆ ਸਿੰਗਲਾ ਨੇ ਦੱਸਿਆ ਕਿ ਉਸ ਦਾ ਘਰਵਾਲਾ ਕਿਸੇ ਸ਼ਰਾਬ ਦੇ ਠੇਕੇ ਉਤੇ ਕੰਮ ਕਰਦਾ ਹੈ ਅਤੇ ਜਿਸ ਤੋਂ ਬਾਅਦ ਇਕ ਭਿੰਦੇ ਨਾਂ ਦੇ ਵਿਅਕਤੀ ਵੱਲੋਂ ਉਸ ਦੇ ਘਰ ਠੇਕੇਦਾਰਾਂ ਦੇ ਪੁਲੀਸ ਨਾਲ ਮਿਲੀਭੁਗਤ ਕਰਕੇ ਰੇਡ ਕਰਵਾਈ ਗਈ ਹੈ। ਉਸ ਨੇ ਕਿਹਾ ਕਿ ਮੇਰੇ ਉੱਤੇ ਸ਼ਰਾਬ ਵੇਚਣ ਦਾ ਦੋਸ਼ ਲਾ ਕੇ ਮੇਰੇ ਘਰ ਵਿਚ ਕੁਝ ਪੁਲੀਸ ਮੁਲਾਜਮ ਅਤੇ ਠੇਕੇਦਾਰ ਦੇ ਕੁਝ ਵਿਅਕਤੀ ਮੇਰੇ ਘਰ ਦਾਖਲ ਹੁੰਦੇ ਹਨ ਅਤੇ ਫਰੋਲਾ ਫਰਾਲੀ ਤੋਂ ਬਾਅਦ ਪੁਲੀਸ ਮੁਲਾਜਮ ਅਤੇ ਠੇਕੇਦਾਰ ਦੇ ਕੁਝ ਵਿਅਕਤੀ ਉਸ ਦੇ ਘਰ ਵਿਚ ਪਈ ਲੋਨ ਦੀ ਰਕਮ ਅਤੇ ਕੁਝ ਗਹਿਣੇ ਲੈ ਕੇ ਚਲੇ ਗਏ ਹਨ। ਪ੍ਰੀਆ ਸਿੰਗਲਾ ਨਾਂ ਦੀ ਔਰਤ ਨੇ ਦੋਸ਼ ਲਾਇਆ ਕਿ ਉਸ ਨੇ ਕੁਝ ਦਿਨ ਪਹਿਲਾਂ ਹੀ ਐਚਡੀਐਫਸੀ ਬੈਂਕ ਤੋਂ ਲੋਨ ਲਿਆ ਸੀ ਲੋਨ ਦੀ ਰਕਮ ਉਸ ਦੇ ਘਰ ਵਿੱਚ ਹੀ ਪਈ ਸੀ ਪ੍ਰੰਤੂ ਜਦੋਂ ਪੁਲੀਸ ਅਤੇ ਠੇਕੇਦਾਰ ਨੇ ਉਸ ਦੇ ਘਰ ਰੇਡ ਕੀਤੀ ਤਾਂ ਉਸ ਦੀ ਰਕਮ ਅਤੇ ਗਹਿਣੇ ਲੈ ਕੇ ਚਲੇ ਗਏ ਹਨ ਉਸ ਨੇ ਕਿਹਾ ਕਿ ਜਾਂਦੇ ਹੋਏ ਉਹ ਮੈਨੂੰ ਧਮਕੀ ਵੀ ਦੇ ਗਏ ਹਨ ਕਿ ਜੇ ਤੂੰ ਮੂੰਹ ਖੋਲ੍ਹਿਆ ਤਾਂ ਇਸ ਦਾ ਨਤੀਜਾ ਮਾੜਾ ਹੋਵੇਗਾ ਨਾਲੇ ਅਤੇ ਤੇਰੇ ਪਤੀ ਦਾ ਪਤਾ ਨਹੀਂ ਲੱਗਣਾ ਉਹ ਕਿੱਥੇ ਚਲਾ ਗਿਆ । ਉਸ ਨੇ ਇਹ ਵੀ ਦੋਸ਼ ਲਾਇਆ ਕਿ ਮੇਰੀ ਤੇਰਾਂ ਸਾਲ ਦੀ ਮੇਰੇ ਘਰ ਵਿੱਚ ਮੇਰੇ ਨਾਲ ਸੀ ਤਾਂ ਪੁਲਸ ਕਰਮਚਾਰੀਆਂ ਅਤੇ ਕੁਝ ਵਿਅਕਤੀਆਂ ਨੇ ਮੇਰੀ ਕੁੜੀ ਨਾਲ ਵੀ ਦੁਰਵਿਵਹਾਰ ਕੀਤਾ। ਉਸ ਨੇ ਕਿਹਾ ਕਿ ਸੰਬੰਧੀ ਪਾਸੋਂ ਥਾਣੇ ਵਿਚ ਸ਼ਿਕਾਇਤ ਕੀਤੀ ਗਈ ਪ੍ਰੰਤੂ ਪੁਲੀਸ ਨੇ ਕੋਈ ਕਾਰਵਾਈ ਅਜੇ ਤੱਕ ਨਹੀਂ ਕੀਤੀ ਅਤੇ ਪੁਲੀਸ ਉਸ ਨੂੰ ਇਹ ਮਾਮਲਾ ਠੰਢੇ ਬਸਤੇ ਵਿਚ ਪਾਉਣ ਲਈ ਆਖ ਰਹੀ ਹੈ। ਦੂਜੇ ਪਾਸੇ ਥਾਣਾ ਭਾਦਸੋਂ ਦੀ ਇੰਚਾਰਜ ਨੇ ਕਿਹਾ ਕਿ ਔਰਤ ਵੱਲੋਂ ਲਾਏ ਜਾ ਰਹੇ ਦੋਸ਼ ਬੇਬੁਨਿਆਦ ਹਨ ਪੁਲੀਸ ਕਰਮਚਾਰੀ ਵੱਲੋਂ ਉਸਦੇ ਘਰ ਦੀ ਚੈਕਿੰਗ ਕੀਤੀ ਗਈ ਸੀ ਕਿਉਂਕਿ ਉਸ ਔਰਤ ਉੱਤੇ ਸ਼ਰਾਬ ਵੇਚਣ ਦੇ ਦੋਸ਼ ਲੱਗ ਰਹੇ ਸਨ ਜਿਸ ਤੋਂ ਬਾਅਦ ਪੁਲਸ ਨੇ ਚੈਕਿੰਗ ਕੀਤੀ ਪ੍ਰੰਤੂ ਕੋਈ ਵੀ ਪੁਲਸ ਮੁਲਾਜਮ ਉਸ ਦੇ ਘਰ ਵਿੱਚ ਦਾਖਲ ਹੋਇਆ ਉਸ ਨੇ ਕਿਹਾ ਕਿ ਸ਼ਿਕਾਇਤ ਦੇ ਆਧਾਰ ਤੇ ਪੁਲੀਸ ਆਪਣੀ ਕਾਰਵਾਈ ਕਰ ਰਹੀ ਹੈ ਫਿਰ ਵੀ ਜੇ ਕੋਈ ਦੋਸ਼ੀ ਹੋਇਆ ਤਾਂ ਕੋਈ ਬਖਸ਼ਿਆ ਨਹੀਂ ਜਾਵੇਗਾ।

## ਅੱਜ ਦਾ ਵਿਚਾਰ

*ਵਿਦੇਸਾਂ 'ਚ' ਕੀ ਨਹੀਂ ਮਿਲਦਾ ?
ਬੱਤੀਆਂ ਵਾਲੀਆਂ ਕਾਰਾਂ ਨੀ,
ਰਿਸਵਤ ਖੋਰ ਸਰਕਾਰਾਂ ਨੀ,
ਜਣੇ-ਖਣੇ ਕੋਲ ਸੰਤਰੀ ਨੀ,
ਅਨਪੜ੍ਹ ਮੰਤਰੀ ਨੀ,
ਗੱਡੀ ਵਾਲੇ ਬਾਬੇ ਨੀ,
ਪੁਲਿਸ ਦੇ ਦਾਬੇ ਨੀ,
ਬੱਤੀ ਕਦੇ ਗੁੱਲ ਨੀ,
ਵਿਹਲਿਆਂ ਦਾ ਮੁੱਲ ਨੀ,
ਸੜਕਾਂ ਤੇ ਟੋਏ ਨੀ,
ਤੇ ਸੱਚੇ ਕਦੇ ਰੋਏ ਨੀ
ਇਸ ਨੂੰ ਕਹਿੰਦੇ ਰਾਜ਼ ਹੈ
ਲੋਕਾਂ ਦੀ ਸਰਕਾਰ ਹੈ
ਆਓ ਇੰਡੀਆ ਵੱਲ ਝਾਤ ਮਾਰੀਏ

ਇੰਡੀਆ ਵਿਚ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਨੇ ਸਰਕਾਰਾਂ ਦੇ ਟੱਬਰ ਰੱਜੇ ਨੇ ਆਮ ਪਬਲਿਕ ਦੇ ਨੌਜਵਾਨ ਬੇਰੁਜਗਾਰ ਇੰਡੀਆ ਵਿੱਚ ਬਹਾਲੇ ਨੇ

ਇੰਡੀਆ ਵਿੱਚ ਬਾਬੇ ਬਹਾਲੇ ਨੇ ਤਾਂਹੀਓਂ ਤਾਂ

ਸਿਮਰ ਬਰਾੜਾ ਤਾਂਹੀਓਂ ਤਾਂ ਨੌਜਵਾਨ ਬਾਹਰ ਜਾਣ ਲਈ ਕਾਹਲੇ ਨੇ



ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਵਾਲਾ (ਫਰੀਦਕੋਟ) ਮੋਬਾਇਲ ਨੰ 9517660002

# ਡਿਪਟੀ ਕਮਿਸਨਰ ਵੱਲੋਂ ਸਕੂਲ ਮੁਖੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ 12 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਟੀਕਾਕਰਨ ਕਰਵਾਉਣ ਲਈ ਪ੍ਰੇਰਿਤ ਕਰਨ ਦੀ ਅਪੀਲ

## ਹਲਕੇ ਤੋ ਬਾਹਰੋ ਆਏ, ਹਲਕੇ ਦੇ ਵੋਟਰ ਨਾ ਹੋਣ ਵਾਲੇ ਸਿਆਸੀ ਤੇ ਪਾਰਟੀ ਵਰਕਰਾਂ ਨੂੰ ਵਾਪਸ ਜਾਣ ਦੇ ਹੁਕਮ ਜਾਰੀ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ ਭਾਂਬਰੀ**

12 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਦੇ ਟੀਕਾਕਰਨ ਸਬੰਧੀ ਡਿਪਟੀ ਕਮਿਸਨਰ ਲੁਧਿਆਣਾ ਨੇ ਅੱਜ ਸਕੂਲ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਆਪਣਾ ਟੀਕਾਕਰਨ ਕਰਵਾਉਣ ਲਈ ਪ੍ਰੇਰਿਤ ਕਰਨ ਤਾਂ ਜੋ ਅਸੀਂ ਕੋਵਿਡ-19 ਤੋਂ ਬਚ ਸਕੀਏ।

ਅੱਜ ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਡੀਸੀ ਨੇ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਟੀਕਾਕਰਨ ਕਰਵਾਉਣ ਲਈ ਉਤਸਾਹਿਤ ਕਰਨਾ ਚਾਹੀਦਾ ਹੈ ਕਿਉਂਕਿ ਟੀਕਾਕਰਣ ਕੋਵਿਡ ਨਾਲ ਲੜਨ ਵਿੱਚ ਮਦਦ ਕਰਦਾ ਹੈ, ਭਾਵੇਂ ਕੋਈ ਲਾਗ ਲੱਗ ਜਾਵੇ। ਉਨ੍ਹਾਂ ਕਿਹਾ ਕਿ ਸਮਾਜ ਦੇ ਵਡੇਰੇ ਹਿੱਤ ਵਿੱਚ ਅਤੇ ਸਾਡੇ ਬੱਚੇ ਸੁਰੱਖਿਅਤ ਰਹਿਣ ਨੂੰ ਯਕੀਨੀ ਬਣਾਉਣ ਲਈ ਮਾਪੇ ਆਪਣੇ ਬੱਚਿਆਂ ਨੂੰ ਜਲਦੀ ਤੋਂ ਜਲਦੀ ਟੀਕਾਕਰਨ ਕਰਵਾਉਣ।

ਉਨ੍ਹਾਂ ਕਿਹਾ ਕਿ 12 ਸਾਲ ਤੋਂ ਵੱਧ ਉਮਰ ਦੇ ਵੱਧ ਤੋਂ ਵੱਧ ਬੱਚਿਆਂ ਨੂੰ ਕਵਰ ਕਰਨ ਲਈ ਸਕੂਲਾਂ ਵਿੱਚ ਵਿਸੇਸ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜੇਕਰ ਬੱਚੇ ਟੀਕਾਕਰਨ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਕਿਸੇ ਹੋਰ ਕੈਂਪ ਵਿੱਚ ਵੀ ਜਾ ਸਕਦੇ ਹਨ।

ਏ.ਡੀ.ਸੀ.ਜਗਰਾਉਂ-ਕਮ-ਨੋਡਲ ਅਫਸਰ ਟੀਕਾਕਰਨ ਡਾ: ਨਯਨ ਜੱਸਲ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਅਜੇ ਟੀਕਾਕਰਨ ਦੀ ਦੂਜੀ ਖੁਰਾਕ ਨਹੀਂ ਮਿਲੀ ਹੈ, ਉਹ ਵੀ ਅੱਗੇ ਆਉਣ ਅਤੇ ਆਪਣਾ ਪੂਰਾ ਟੀਕਾਕਰਨ ਕਰਵਾਉਣ। ਉਸਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਵਸਨੀਕਾਂ ਨੂੰ ਕੋਵਿਡ 19 ਟੀਕਾਕਰਨ ਦਾ ਦੂਜਾ ਟੀਕਾਕਰਨ ਪ੍ਰਾਪਤ ਕਰਨਾ ਬਾਕੀ ਹੈ, ਕਿਉਂਕਿ ਦੁੱਖ ਦੀ ਗੱਲ ਹੈ ਕਿ ਅਜਿਹੇ ਲੋਕ ਮੰਨਦੇ ਹਨ ਕਿ ਕੋਵਿਡ 19 ਬੀਤੇ ਦੀ ਗੱਲ ਬਣ ਗਈ ਹੈ, ਜੋ ਕਿ ਸੱਚ ਨਹੀਂ ਹੈ।

ਉਨ੍ਹਾਂ ਦੱਸਿਆ ਕਿ ਅੱਜ ਜਿ?ਲ੍ਹੇ ਦੇ 339 ਸਕੂਲਾਂ/ਵਿਦਿਅਕ ਅਦਾਰਿਆਂ ਵਿੱਚ 12 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਵਿਸੇਸ ਟੀਕਾਕਰਨ ਮੁਹਿੰਮ ਚਲਾਈ ਗਈ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਅਜਿਹੀਆਂ ਹੋਰ ਮੁਹਿੰਮਾਂ ਚਲਾਈਆਂ ਜਾਣਗੀਆਂ। ਉਸਨੇ ਦੱਸਿਆ ਕਿ ਕੁਝ ਲੋਕਾਂ ਨੂੰ ਅਜੇ ਵੀ ਇਹ ਗਲਤ ਧਾਰਨਾ ਹੈ ਕਿ ਕੋਵਿਡ 19 ਟੀਕਾਕਰਨ ਸੁਰੱਖਿਅਤ ਨਹੀਂ ਹੈ ਅਤੇ ਇਸ ਲਈ ਉਹ ਅੱਗੇ ਨਹੀਂ ਆ ਰਹੇ ਹਨ। "ਅਜਿਹੇ ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇਕਰ ਕੋਈ ਦੁਨੀਆ ਦੇ ਕਿਸੇ ਵੀ ਹਿੱਸੇ ਦੀ ਯਾਤਰਾ ਕਰਨਾ ਚਾਹੁੰਦਾ ਹੈ, ਤਾਂ ਉਹਨਾਂ ਨੂੰ ਇੱਕ ਵੈਕਸੀਨ ਪਾਸਪੋਰਟ ਸਰਟੀਫਿਕੇਟ ਦੀ ਲੋੜ ਹੁੰਦੀ ਹੈ, ਜੋ ਕਿ ਉਹਨਾਂ ਨੂੰ ਉਦੋਂ ਹੀ ਮਿਲੇਗਾ ਜਦੋਂ ਉਹਨਾਂ ਦਾ ਪੂਰੀ ਤਰ੍ਹਾਂ ਟੀਕਾਕਰਨ ਹੋ ਜਾਵੇਗਾ," ਉਸਨੇ ਕਿਹਾ।



### ਅੱਜ 339 ਸਕੂਲਾਂ ਵਿੱਚ ਵਿਸੇਸ ਟੀਕਾਕਰਨ ਮੁਹਿੰਮ ਦਾ ਆਯੋਜਨ; ਆਉਣ ਵਾਲੇ ਦਿਨਾਂ ਵਿੱਚ ਵੀ ਇਸ ਤਰ੍ਹਾਂ ਦੀਆਂ ਹੋਰ ਡਰਾਈਵਾਂ ਆਯੋਜਿਤ ਕੀਤੀਆਂ ਜਾਣਗੀਆਂ: ਸੁਰਭੀ ਮਲਿਕ

# ਸਾਂਤੀ ਦੇਵੀ ਕਾਲਜ ਵਿੱਚ ਮਨੋਵਿਗਿਆਨ ਦੀਆਂ ਉਭਰਦੀਆਂ ਪ੍ਰਵਿਰਤੀਆਂ ਅਤੇ ਕਾਰਜ-ਖੇਤਰ' ਵਿਸੇ ਤੇ ਵੈਬੀਨਾਰ ਤੇ ਵਰਕਸਾਪ ਕਰਵਾਈ

**ਦੀਨਾਨਗਰ/ਡਾ ਰਮੇਸ਼ ਸਰੰਗਲ**

ਸਥਾਨਕ ਸਾਂਤੀ ਦੇਵੀ ਆਰਿਆ ਮਹਿਲਾ ਕਾਲਜ ਦੇ ਮਨੋਵਿਗਿਆਨ ਵਿਭਾਗ ਵੱਲੋਂ ਕਾਲਜ ਪ੍ਰਿੰ: ਡਾ ਰੀਨਾ ਤਲਵਾੜ ਦੀ ਪ੍ਰਧਾਨਗੀ ਅਤੇ ਵਿਭਾਗ ਮੁਖੀ ਡਾ ਸੋਨਮ ਗੁਪਤਾ ਦੀ ਦੇਖ-ਰੇਖ ਵਿੱਚ ' ਮਨੋਵਿਗਿਆਨ ਦੀਆਂ ਉਭਰਦੀਆਂ ਪ੍ਰਵਿਰਤੀ ਅਤੇ ਕਾਰਜ ਖੇਤਰ' ਵਿਸੇ ਤੇ ਵੈਬੀਨਾਰ ਕਰਵਾਇਆ ਗਿਆ। ਇਸ ਵੈਬੀਨਾਰ ਵਿੱਚ ਡਾ ਸੰਜੇ ਘੋਸ, ਅਸਿਸਟੈਂਟ ਪ੍ਰੋਫੈਸਰ ਅਤੇ ਡਾ ਜਾਹੂਰ ਅਹਿਮਦ ਅਸਿਸਟੈਂਟ ਪ੍ਰੋਫੈਸਰ ਲਵਲੀ ਯੂਨੀਵਰਸਿਟੀ ਫਗਵਾੜਾ ਨੇ ਵਿਸੇਸ ਤੌਰ ਤੇ ਸ਼ਿਰਕਤ ਕੀਤੀ । ਕਾਲਜ ਪ੍ਰਿੰ: ਡਾ ਰੀਨਾ ਤਲਵਾੜ ਨੇ ਆਪਣੇ ਸਵਾਗਤੀ ਭਾਸਣ ਵਿੱਚ ਬੋਲਦਿਆਂ ਹੋਇਆਂ ਅੱਜ ਦੇ ਯੁਗ ਵਿੱਚ ਸਾਈਕਾਲੋਜੀ ਵਿਸੇ ਦੀ ਸਾਰਥਕਤਾ ਬਾਰੇ ਗੱਲਬਾਤ ਕੀਤੀ . ਇਸ ਵੈਬੀਨਾਰ ਵਿੱਚ ਬੋਲਦਿਆਂ ਹੋਇਆਂ ਮਨੋਵਿਗਿਆਨਕ ਵਿਸੇ ਦੇ ਪਿਛੋਕੜ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਇਸ ਵਿਸੇ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਡਾ. ਸੰਜੇ ਘੋਸ ਨੇ ਫਰਾਂਇਡ ਦੇ ਅਵਚੇਤਨ ਮਨ ਦੀ ਥਿਊਰੀ ਦੇ ਅਧਾਰ ਤੇ ਮਨੁੱਖੀ ਮਨ ਦੇ ਵੱਖ ਪਾਸਾਰਾਂ ਬਾਰੇ ਚਰਚਾ ਕੀਤੀ ਉਹਨਾਂ ਨੇ ਮਨੋਵਿਗਿਆਨ ਦੇ ਵੱਖ 2 ਖੇਤਰਾਂ ਥਾਰੇ ਚਰਚਾ ਕਰਦਿਆਂ ਹੋਇਆ ਮਾਨਸਿਕ ਸਿਹਤ ਬਾਰੇ ਵਿਸ਼ੇਸ਼ ਤੌਰ ਤੇ ਗੱਲ ਕੀਤੀ। ਉਹਨਾਂ ਨੇ ਮਨੋਵਿਗਿਆਨ ਦੇ ਵੱਖ ਵੱਖ



ਖੇਤਰਾਂ ਜਿਵੇਂ ਕਲਿਨਿਕਲ ਸਾਈਕਾਲੋਜੀ, ਸਿਹਤ ਸਾਈਕਾਲੋਜੀ, ਇੰਸਟੀਚਿਊਸਨ ਸਾਈਕਾਲੋਜੀ, ਐਜੂਕੇਸਨ ਸਾਈਕਾਲੋਜੀ ਆਦਿ ਬਾਰੇ ਵੀ ਚਰਚਾ ਕੀਤੀ। ਡਾ ਜਾਹੂਰ ਅਹਿਮਦ ਨੇ ਆਪਣੇ ਵਿਚਾਰ ਪੇਸ ਕਰਦਿਆਂ ਕਿਹਾ ਕਿ ਮਾਨਸਿਕ ਤੌਰ ਤੇ ਤੰਦਰੁਸਤ ਰਹਿਣ ਲਈ ਸੋਸ਼ਲ ਮੀਡੀਆ ਨੂੰ ਬਹੁਤ ਹੀ ਸਿਆਣਪ ਵਰਤਣ ਦੀ ਲੋੜ ਹੈ ਕਿਉਂਕਿ ਸੋਸਲ ਮੀਡੀਆ ਤੇ ਜੋ ਦਿਖਾਇਆ ਜਾਂਦਾ ਹੈ, ਉਸਦਾ ਸਾਡੇ ਮਾਨਸਿਕ ਸਿਹਤ ਤੇ ਬੁਰਾ ਅਸਰ ਪੈਂਦਾ ਹੈ । ਉਸ ਨੇ ਯੁਕਰੇਨ ਵਿਚ ਹੋਈ ਤਬਾਹੀ ਦੇ ਮੰਜਰ ਦੀ ਉਦਹਾਰਨ ਦਿੰਦਿਆ ਕਿਹਾ ਕਿ ਅਜਿਹੀਆਂ ਅਮਾਨਵੀ ਘਟਨਾਵਾਂ ਜਦੋਂ ਅਸੀਂ ਸੋਸਲ ਮੀਡੀਆ ਤੇ ਦੇਖਦੇ ਹਾ ਤਾਂ ਮਨ ਤੇ ਅਸਰ ਬੁਰਾ ਹੀ ਹੁੰਦਾ ਹੈ। ਮਨੋਵਿਗਿਆਨ ਵਿਭਾਗ ਮੁਖੀ ਡਾ ਸੋਨਮ ਗੁਪਤਾ ਨੇ ਕਿਹਾ ਕਿ ਮਨੋਵਿਗਿਆਨ ਦਾ ਵਿਸਾ ਅੱਜ ਦੇ ਸੰਵੇਦਨਸ਼ੀਲ ਜੁਗ ਵਿੱਚ ਹੋਰ ਵੀ ਜਰੂਰੀ ਹੋ ਜਾਂਦਾ ਹੈ ਕਿਉਂਕਿ ਇਸ ਵਿਸੇ ਦੇ ਮਾਧਿਅਮ ਰਾਹੀਂ ਬਹੁਤ ਸਾਰੀਆ ਮਾਨਸਿਕ ਉਲਝਣਾਂ ਨੂੰ ਸੁਲਝਾਇਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਡਾ ਸੋਨਮ ਗੁਪਤਾ ਕਾਲਜ ਵਿਚ ਇਕ ਕੌਂਸਲਿੰਗ ਸੈੱਲ ਵੀ ਚਲਾਉਂਦੇ ਹਨ ਇਸ ਪ੍ਰੋਗ੍ਰਾਮ ਤੋਂ ਬਾਅਦ ਵਰਕਸਾਪ ਦੇ ਤਹਿਤ ਬੱਚਿਆ ਵੱਲੋਂ ਮਾਹਿਰ ਵਿਦਵਾਨਾਂ ਨੂੰ ਪ੍ਰਸ਼ਨ ਵੀ ਪੁੱਛੇ ਗਏ।

## ਗੈਰ ਸਰਕਾਰੀ ਸੰਸਥਾਂ "ਦੋਸਤ"ਵਲੋ ਸਾਦੀ ਲਈ ਲੋੜੀਦਾਂ ਸਮਾਨ ਤੇ ਆਰਥਿਕ ਸਹਾਇਤਾ ਦਿੱਤੀ

ਪਟਿਆਲਾ/ਇਕਬਾਲ ਸਿੰਘ

ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਮਾਜ ਭਲਾਈ ਦੇ ਕੰਮਾਂ ਵਿੱਚ ਸਲਾਘਾਯੋਗ ਗਤੀਵਿਧੀਆਂ ਕਰ ਰਹੀ ਗੈਰ ਸਰਕਾਰੀ ਸੰਸਥਾਂ ਡਰੀਮਜ ਆਫ ਸੋਸਲ ਟਰੈਡਜ "ਦੋਸਤ' ਰਜਿ. ਪਟਿਆਲਾ ਵਲੋਂ ਜ਼ਿਲ੍ਹਾ ਪਟਿਆਲਾ ਦੇ ਪਿੰਡ ਕਰਹਾਲੀ ਸਾਹਿਬ ਨੇੜੇ ਡਾਕਾਲਾ ਦੀ ਰਹਿਣ ਵਾਲੀ ਬੀਬੀ ਪੂਜਾ ਪੁਤਰੀ ਗੁਰਦੀਪ ਸਿੰਘ ਤੇ ਜਸਵਿੰਦਰ ਕੌਰ ਦੀ ਸਾਦੀ ਲਈ ਡਬਲ ਬੈਡ, ਡਨਲਪ ਗੱਦਾ ਸੈਟ,ਕਵਰ,ਬੈਡ ਸੀਟ,ਸਰਾਣੇ ਆਦਿ ਤੋਂ ਇਲਾਵਾ ਆਰਥਿਕ ਸਹਾਇਤਾ ਵੀ ਦਿੱਤੀ ਗਈ। ਇਹ ਸਾਰਾ ਸਮਾਨ "ਦੋਸਤ" ਸੰਸਥਾਂ ਦੇ ਸੰਸਥਾਪਕ ਉੱਘੇ ਸਮਾਜਸੇਵੀ ਵਾਤਾਵਰਣ ਤੇ ਕਲਾ ਪ੍ਰੇਮੀ ਦੋਸਤ ਭਗਵਾਨ ਦਾਸ ਗੁੱਪਤਾ ਪ੍ਰਧਾਨ ਇਲੈਕਟ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਤੇ ਸਰਪ੍ਰਸਤ ਰੈਡ ਕਰਾਸ ਸੁਸਾਇਟੀ ਪਟਿਆਲਾ, ਪ੍ਰਧਾਨ ਐਡਵੋਕੇਟ ਕੁਲਜੀਤ ਸਿੰਘ ਔਲੱਖ, ਜਨਰਲ ਸਕੱਤਰ ਸਾਬਕਾ ਲੈਫਟੀਨੈਂਟ ਕਰਨਲ ਜੇ.ਐਸ. ਬਿੰਦ, ਸਲਾਹਕਾਰ ਪੰਜਾਬ ਪੁਲਿਸ ਦੇ ਸਾਬਕਾ ਐਸ.ਪੀ. ਮਨਜੀਤ ਸਿੰਘ ਬਰਾੜ, ਦੋਸਤ ਸੁਭਾਸ ਸਰਮਾ ਤੇ ਅਨੋਖ ਸਿੰਘ ਨੇ ਪਿੰਡ ਕਰਹਾਲੀ ਪਹੁੰਚ ਕੇ ਪਰਿਵਾਰ ਦੇ ਸਪੁਰਦ ਕੀਤਾ। ਸੰਸਥਾਂ ਦੇ ਸੰਸਥਾਪਕਤੇ ਸਮਾਜਸੇਵੀ ਭਗਵਾਨ ਦਾਸ ਗੁੱਪਤਾ ਨੇ ਦੱਸਿਆ ਕਿ ਸੰਸਥਾਂ ਵਾਤਾਵਰਣ ਨਸਾ ਵਿਰੋਧੀ ਤੇ ਆਵਾਜਾਈ ਜਾਗਰੂਕਤਾ ਇਲਾਵਾ ਲੋੜਵੰਦਾਂ ਨੂੰ ਰਾਸਨ, ਖੂਨਦਾਨ ਤੇ ਮੈਡੀਕਲ ਕੈਂਪ,ਸਰਦੀ ਤੋ ਬਚਾਅ ਲਈ ਕੰਬਲ ਤੇ ਰਜਾਈਆਂ ਅਤੇ ਨਾਰੀ ਸਸਕਤੀਕਰਣ ਤੇ ਹੋਰ ਸਮਾਜ ਭਲਾਈ ਦੇ ਕੰਮਾਂ ਵਿੱਚ ਯੋਗਦਾਨ ਪਾ ਰਹੀ ਹੈ।

# ਜੇਕਰ ਸਰਕਾਰ ਨੇ ਪੀ ਐੱਮ ਵਾਈ ਕਣਕ ਦਾ ਸਾਰਾ ਕਮਿਸ਼ਨ ਛੇਤੀ ਨਾ ਦਿੱਤਾ ਤਾਂ ਡਿੱਪੂ ਹੋਲਡਰ ਦੇਣਗੇ ਰਿਜ਼ਾਈਨ



**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਡਿਪੂ ਹੋਲਡਰਾਂ ਦੀਆਂ ਜਾਇਜ ਮੰਗਾਂ ਸਬੰਧੀ ਸੋਲਾਂ ਮਈ ਨੂੰ ਚੰਡੀਗੜ੍ਹ ਵਿਖੇ ਪੰਜਾਬ ਪੱਧਰ ਤੇ ਧਰਨੇ ਲਗਾਏ ਜਾ ਰਹੇ ਹਨ ਇਸ ਧਰਨੇ ਵਿਚ ਪੰਜਾਬ ਦੇ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਜਿੱਥੇ ਪੰਜਾਬ ਦੇ ਡਿਪੂ ਹੋਲਡਰ ਪਹੁੰਚ ਰਹੇ ਹਨ ਉਥੇ ਹੀ ਇਸ ਸੰਬੰਧੀ ਅੱਜ ਧਰਮਕੋਟ ਵਿਖੇ ਸਮੂਹ ਡਿੱਪੂ ਹੋਲਡਰਾਂ ਦੀ ਦਵਿੰਦਰ ਸਿੰਘ ਪ੍ਰਧਾਨ ਅਤੇ ਸੁਖਦੇਵ ਸਿੰਘ ਦੀ ਪ੍ਰਧਾਨਗੀ ਹੇਠ ਅਹਿਮ ਮੀਟਿੰਗ ਕੀਤੀ ਗਈ ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਧਰਮਕੋਟ ਤੋਂ ਵੱਡੀ ਗਿਣਤੀ ਵਿਚ ਚੰਡੀਗੜ੍ਹ ਧਰਨੇ ਵਿਚ ਆਪਣੀਆਂ ਹੱਕੀ ਮੰਗਾਂ ਮਨਵਾਉਣ ਸਬੰਧੀ ਡਿਪੂ ਹੋਲਡਰ ਪਹੁੰਚਣਗੇ ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਪੀ ਐੱਮ ਯੋਜਨਾ ਵਾਲੀ ਕਣਕ ਦਾ ਸਾਰਾ ਕਮਿਸ਼ਨ ਜਲਦੀ ਤੋਂ ਜਲਦੀ ਡੀਪੂ ਹੋਲਡਰਾਂ ਦੇ ਖਾਤਿਆਂ ਵਿਚ ਪਾਇਆ ਜਾਵੇ ਅਤੇ ਡਿਪੂ ਹੋਲਡਰਾਂ ਨੂੰ ਦਿੱਲੀ ਦੀ ਤਰ੍ਹਾਂ ਦੋ ਸੌ ਰੁਪਏ ਪ੍ਰਤੀ ਕੁਇੰਟਲ ਕਮੀਸ਼ਨ ਦਿੱਤਾ ਜਾਵੇ ਇਸ ਮੌਕੇ ਪ੍ਰਧਾਨ ਦਵਿੰਦਰ ਸਿੰਘ ਅਤੇ ਪ੍ਰਧਾਨ ਸੁਖਦੇਵ ਸਿੰਘ ਤਲਵੰਡੀ ਮੱਲੀਆਂ ਨੇ ਕਿਹਾ ਕਿ ਜਿੰਨੀ ਦੇਰ ਸਰਕਾਰ ਕਮਿਸ਼ਨ ਸਾਡੇ ਖਾਤਿਆਂ ਵਿਚ ਨਹੀਂ ਪਾਉਂਦੀ ਅਸੀਂ ਆਪਣੀ ਹੜਤਾਲ ਜਾਰੀ ਰੱਖਾਂਗੇ ਅਤੇ ਕੋਈ ਵੀ ਕਣਕ ਦੀ ਵੰਡ ਨਹੀਂ ਕਰਾਂਗੇ ਜੇਕਰ ਫਿਰ ਵੀ ਸਰਕਾਰ ਨੇ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਅਸੀਂ ਸਾਰੇ ਹਲਕਾ ਧਰਮਕੋਟ ਅਤੇ ਕਿਸ਼ਨਪੁਰਾ ਦੇ ਸਮੂਹ ਡਿੱਪੂ ਹੋਲਡਰ ਹਲਕਾ ਵਿਧਾਇਕ ਨੂੰ ਆਪਣੇ ਰਿਜ਼ਾਈਨ ਦੇਵਾਂਗੇ ਇਸ ਮੌਕੇ ਜਗਜੀਤ ਸਿੰਘ ਸ਼ੇਰਪੁਰ ਮੀਤ ਪ੍ਰਧਾਨ ਸਿਕੰਦਰ ਸਿੰਘ ਬਾਕਰਵਾਲਾ ਸਕੱਤਰ ਰਾਜਿੰਦਰ ਸਿੰਘ ਕੈਲਾ ਮਨਜੀਤ ਸਿੰਘ ਅਮੀਵਾਲਾ ਜੋਗਿੰਦਰ ਸਿੰਘ ਠੱਠਗੜ੍ਹ ਸੰਜੀਵ ਗੁਪਤਾ ਧਰਮਕੋਟ ਅਬਦਲ ਬਾਜੇਕੇ ਹਰਬੇਲ ਸਿੰਘ ਭੋਇੰਪੁਰ ਅਮਨਦੀਪ ਸਿੰਘ ਧਰਮਕੋਟ ਪ੍ਰਭਦੀਪ ਧਰਮਕੋਟ ਵਿੱਕੀ ਬਜਾਜ ਕੈਲਾ ਲਵਪ੍ਰੀਤ ਧਰਮਕੋਟ ਰਾਜ ਫਤਿਹਗੜ੍ਹ ਕੋਰੋਟਾਣਾ ਸਰਬਜੀਤ ਸਿੰਘ ਭੋਲਾ ਫਤਹਿਗੜ੍ਹ ਕੋਰੋਟਾਣਾ ਨਵੀਨ ਫਤਿਹਗੜ੍ਹ ਕੋਰੋਟਾਣਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਡੀਪੂ ਹੋਲਡਰ ਹਾਜ਼ਰ ਸਨ।

# ਸਿਹਤ ਵਿਭਾਗ ਵੱਲੋਂ ਵੱਖ-ਵੱਖ 339 ਸਕੂਲਾਂ 'ਚ ਮੈਗਾ ਟੀਕਾਕਰਨ ਕੈਂਪ ਲਗਾਏ ਗਏ




**ਲੁਧਿਆਣਾ/ਸੁਖਚੈਨ ਮਹਿਰਾ**

ਸਿਵਲ ਸਜਰਨ ਡਾ ਐਸ ਪੀ ਸਿੰਘ ਦੀ ਅਗਵਾਈ ਹੇਠ ਅੱਜ ਕੋਵਿਡ ਤੋ ਬਚਾਅ ਸਬੰਧੀ ਸਿਹਤ ਵਿਭਾਗ ਦੀਆ ਟੀਮਾਂ ਵਲੋ ਜਿਲ੍ਹਾ ਲੁਧਿਆਣਾ ਦੇ 339 ਵੱਖ ਵੱਖ ਸਕੂਲਾਂ ਵਿਚ ਮੈਗਾ ਟੀਕਾਕਰਨ ਕੈਪ ਲਗਾਏ ਗਏ ।ਕੈਪਾਂ ਦੌਰਾਨ 12 ਤੋ 14 ਸਾਲ, 15 ਤੋ 17 ਸਾਲ ਅਤੇ 18 ਸਾਲ ਤੋ ਉਪਰ ਵਾਲੇ ਸਾਰੇ ਵਿਅਕਤੀਆ ਦਾ ਟੀਕਾਕਰਨ ਕੀਤਾ ਗਿਆ। ਸਿਵਲ ਸਰਜਨ ਡਾ. ਐਸ.ਪੀ. ਸਿੰਘ ਨੇ ਦੱਸਿਆ ਕਿ ਜਿਲੇ ਭਰ ਵਿਚ 339 ਥਾਵਾਂ ਤੇ 12186 ਵਿਅਕਤੀਆਂ ਦਾ ਮੁਫਤ ਟੀਕਾਕਰਨ ਕੀਤਾ ਗਿਆ, ਜਿੰਨਾ ਵਿੱਚੋਂ 9342 ਬੱਚੇ ਅਤੇ 2844 ਆਮ ਲੋਕ ਸ਼ਾਮਲ ਹਨ। ਕੈਂਪ ਦੌਰਾਨ ਜਿੰਨ੍ਹਾ ਬੱਚਿਆਂ ਦੇ ਪਹਿਲੀ ਖੁਰਾਕ ਨਹੀ ਲੱਗੀ ਹੋਈ ਸੀ ਉਨ੍ਹਾ ਦੇ ਪਹਿਲੀ ਖੁਰਾਕ ਲਗਾਈ ਗਈ ਅਤੇ ਜੋ ਵਿਅਕਤੀ ਦੂਸਰੀ ਖੁਰਾਕ ਤੋ ਵਾਂਝੇ ਰਹਿ ਗਏ ਸਨ, ਉਨ੍ਹਾਂ ਦੇ ਦੂਸਰੀ ਖੁਰਾਕ ਲਗਾਈ ਗਈ। ਟੀਕਾਕਰਨ ਕਰਨ ਸਮੇਂ ਕੋਵਿਡ ਤੋ ਬਚਾਅ ਸਬੰਧੀ ਸਾਵਧਾਨੀਆਂ ਵਰਤੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ ਮਨੀਸ਼ਾ ਖੰਨਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿੰਨ੍ਹਾ ਲੋਕਾਂ ਨੇ ਅਜੇ ਤੱਕ ਵੀ ਕੋਵਿਡ ਟੀਕਾਕਰਨ ਦੀ ਪਹਿਲੀ ਅਤੇ ਦੂਸਰੀ ਖੁਰਾਕ ਨਹੀ ਲਈ ਉਹ ਕੈਪਾਂ ਵਿਚ ਜਾ ਕੇ ਟੀਕਾਰਕਨ ਜਰੂਰ ਕਰਵਾਉਣ।

# ਵਿਧਾਇਕ ਬੱਗਾ ਨੇ ਕੀਤਾ ਚੰਨਣ ਦੇਵੀ ਸਰਕਾਰੀ ਕੰਨਿਆ ਹਾਈ ਸਕੂਲ ਸਲੇਮ ਟਾਬਰੀ ਦਾ ਵਿਸ਼ੇਸ਼ ਦੌਰਾ

**ਲੁਧਿਆਣਾ/ਸੁਖਚੈਨ ਮਹਿਰਾ**

ਅੱਜ ਹਲਕਾ ਲੁਧਿਆਣਾ ਉੱਤਰੀ ਦੇ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਸਥਾਨਕ ਚੰਨਣ ਦੇਵੀ ਸਰਕਾਰੀ ਕੰਨਿਆ ਹਾਈ ਸਕੂਲ, ਸਲੇਮ ਟਾਬਰੀ ਦਾ ਵਿਸ਼ੇਸ਼ ਦੌਰਾ ਕੀਤਾ ਅਤੇ ਸਕੂਲ ਦੇ ਨਵੀਨੀਕਰਣ ਸਬੰਧੀ ਚੱਲ ਰਹੇ ਕਾਰਜ਼ਾਂ ਦੀ ਸਮੀਖਿਆ ਕੀਤੀ।

ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਸ੍ਰੀਮਤੀ ਪੂਨਮ ਕਲੀ ਅਤੇ ਸਮੂਹ ਸਕੂਲ ਸਟਾਫ ਵੱਲੋਂ ਵਿਧਾਇਕ ਬੱਗਾ ਦਾ ਭਰਵਾਂ ਸੁਆਗਤ ਕੀਤਾ ਗਿਆ। ਪ੍ਰਿੰਸੀਪਲ ਸ੍ਰੀਮਤੀ ਪੂਨਮ ਕਲੀ ਵੱਲੋਂ ਵਿਧਾਇਕ ਬੱਗਾ ਨੂੰ ਸਨਮਾਨ ਚਿੰਨ੍ਹ ਵੀ ਭੇਂਟ ਕੀਤਾ।

ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਪੂਨਮ ਕਲੀ ਵੱਲੋਂ ਵਿਧਾਇਕ ਬੱਗਾ ਨੂੰ ਸਾਲਾਨਾ ਪ੍ਰਗਤੀ ਰਿਪੋਰਟ ਬਾਰੇ ਜਾਣੂੰ ਕਰਵਾਇਆ ਅਤੇ ਚੱਲ ਰਹੀ ਨਵੀਂ ਉਸਾਰੀ ਬਾਰੇ ਵੀ ਚਾਨਣਾ ਪਾਇਆ।

ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਕੂਲ ਦੇ



ਨਵੀਨੀਕਰਣ ਸਬੰਧੀ ਜਿਹੜੇ ਕੰਮ ਚੱਲ ਰਹੇ ਹਨ ਉਹ ਨਿਰਵਿਘਨ ਨੇਪਰੇ ਚੜ੍ਹਨਗੇ ਅਤੇ ਫੰਡਾਂ ਦੀ ਕੋਈ ਘਾਟ ਨਹੀਂ ਆਉਂਣ ਦਿੱਤੀ ਜਾਵੇਗੀ।

ਵਿਧਾਇਕ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਬੇਹੱਦ ਸੰਵੇਦਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਠੀਕ ਕਿਹਾ ਜਾਂਦਾ ਹੈ ਕਿ ਵਿੱਦਿਆ ਹੀ ਦੌਲਤ ਹੈ ਜੋ ਹਰ ਦੇਸ਼ ਦੇ ਭਵਿੱਖ ਦਾ ਫੈਸਲਾ ਕਰਦੀ ਹੈ। ਇਸੇ ਕਰਕੇ ਆਮ ਆਦਮੀ ਪਾਰਟੀ ਦੇ ਕੰਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੀ ਸੋਚ 'ਤੇ ਚੱਲ ਕੇ ਹੀ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਿਆ ਜਾ ਰਿਹਾ ਹੈ ਤਾਂਕਿ ਉਨ੍ਹਾਂ ਦੇ ਹਲਕੇ ਦੇ ਲੋਕ ਹੋਰ ਅਮੀਰ ਬਣ ਸਕਣ। ਉਨ੍ਹਾਂ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ ਜਿਨ੍ਹਾਂ ਇਸ ਸਕੂਲ ਦੇ ਨਵੀਨੀਕਰਣ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ। ਉਨ੍ਹਾਂ ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਚੰਗੀ ਸਿੱਖਿਆ ਦਾ ਕੋਈ ਮੇਲ ਨਹੀਂ ਹੈ ਕਿਉਂਕਿ ਇਹ ਸਾਡੀ ਨੌਜਵਾਨ ਪੀੜ੍ਹੀ ਨੂੰ ਵਧੀਆ ਤਰੀਕਿਆਂ ਨਾਲ ਤਿਆਰ ਕਰਕੇ ਉਨ੍ਹਾਂ ਨੂੰ ਜਾਗਰੂਕ ਅਤੇ ਚੰਗੇ ਨਾਗਰਿਕ ਬਣਾਉਂਦੀ ਹੈ। ਸਾਨੂੰ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰਨ ਲਈ ਸਮੂਹਿਕ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਇਹ ਮਨੁੱਖਤਾ ਦੀ ਸਭ ਤੋਂ ਉੱਤਮ ਸੇਵਾ ਹੈ। ਇਸ ਮੌਕੇ ਐਸ.ਡੀ.ਓ. (ਬੀ. ਐਂਡ ਆਰ.) ਅਕਸ਼ੇ ਬਾਂਸਲ, ਬਿੱਟੂ ਭਨੋਟ, ਅਮਨ ਬੱਗਾ,ਸੰਤੋਸ਼ ਕੁਮਾਰ, ਸੁਰਿੰਦਰ ਸਿੰਘ, ਦਿਨੇਸ਼ ਸ਼ਰਮਾ, ਸ਼ਾਮ ਚਿਤਕਾਰਾ, ਦਲਜੀਤ ਸਿੰਘ ਬਿੱਟੂ, ਧਰਮਿੰਦਰ ਪਾਲ, ਗੁਰਪ੍ਰੀਤ ਸਿੰਘ ਭੁੱਲਰ, ਹਰੀਸ਼ ਚਿਤਕਾਰਾ, ਸੰਜੀਵ ਮਹਿਮੀ, ਨਵੀਨ ਕਠਪਾਲ, ਸੁਰਿੰਦਰ ਅਰੋੜਾ, ਸ੍ਰੀ ਕੇਵਲ ਮਾਂਗਟ, ਸਮੂਹ ਸਕੂਲ ਸਟਾਫ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

# ਖੇਤਾਂ ਵਿੱਚੋ ਬਿਜਲੀ ਦੇ ਟਰਾਂਸਫਾਰਮਾ ਵਿੱਚੋਂ ਤੇਲ ਚੋਰੀ ਕਰਨ ਵਾਲਾ ਗਿਰੋਹ ਕਾਬੂ



**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਸਬ ਡਵੀਜਨ ਧਰਮਕੋਟ ਦੇ ਪੇਂਡੂ ਏਰੀਆ ਵਿੱਚੋਂ ਅਕਸਰ ਹੀ ਕਿਸਾਨਾਂ ਵੱਲੋਂ ਸ਼?ਕਾਇਤ ਕੀਤੀ ਜਾਂਦੀ ਰਹੀ ਹੈ ਕਿ ਉਹਨਾਂ ਦੇ ਖੇਤਾਂ ਵਿੱਚ ਬਿਜਲੀ ਦੀ ਮੋਟਰ ਉੱਪ ਲੱਗੇ ਟਰਾਂਸਫਾਰਮਾ ਵਿੱਚੋਂ ਰਾਤ ਸਮੇ ਚੋਰਾ ਦੇ ਗਿਰੋਹ ਵੱਲੋ ਬੜੇ ਸਨਸਨੀ ਖੇਜ ਤਰੀਕੇ ਨਾਲ ਤੇਲ ਚੋਰੀ ਕੀਤਾ ਜਾਂਦਾ ਹੈ।ਇਸ ਕਰਕੇ ਮਾਨਯੋਗ ਸ੍ਰੀ ਗੁਲਨੀਤ ਸਿੰਘ ਖੁਰਾਣਾ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਮੋਗਾ ਦੀਆਂ ਸਖਤ ਹਦਾਇਤਾਂ ਅਨੁਸਾਰ ਅਤੇ ਸ੍ਰੀ ਮਤੀ ਰੁਪਿੰਦਰ ਕੌਰ ਭੱਟੀ ਕਪਤਾਨ ਪੁਲਿਸ (ਇੰਵੈਸਟੀਗੇਸਨ) ਮੋਗਾ ਅਤੇ ਸ੍ਰੀ ਮਨਜੀਤ ਸਿੰਘ ਉਪ ਕਪਤਾਨ ਪੁਲਿਸ ਧਰਮਕੋਟ ਜੀ ਦੇ ਨਿਰਦੇਸਾਂ ਹੇਠ ਜਿਲੇ ਅੰਦਰ ਹੋ ਰਹੀਆ ਬਿਜਲੀ ਦੇ ਟਰਾਂਸਫਾਰਮਾ ਵਿੱਚ ਤੇਲ ਚੋਰੀ ਦੀਆ ਵਾਰਦਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਨੂੰ ਕਾਬੂ ਕਰਨ ਲਈ ਚਲਾਈ ਗਈ ਮੁਹਿੰਮ ਦੇ ਤਹਿਤ ਇੰਸ ਜਸਵਰਿੰਦਰ ਸਿੰਘ ਮੁੱਖ ਅਫਸਰ ਥਾਣਾ ਧਰਮਕੋਟ ਨੇ ਟੀਮਾਂ ਗਠਿਤ ਕਰਕੇ ਨਾਕਾਬੰਦੀਆ ਕਰਵਾਈਆ ਦੌਰਾਨੇ ਗਸਤ ਬਾ ਤਲਾਸ ਸੱਕੀ ਪੁਰਸਾ ਸਬ ਗੁਰਪ੍ਰੀਤ ਸਿੰਘ ਇੰਚਾਰਜ ਚੌਕੀ ਕਮਾਲਕੇ ਥਾਣਾ ਧਰਮਕੋਟ ਨੇ ਦਿਨ ਰਾਤ ਮਿਹਨਤ ਕਰਦਿਆ ਹੋਇਆ ਲੋਕਾਂ ਦੇ ਸਹਿਯੋਗ ਨਾਲ ਮਿਤੀ 10.05.2021 ਨੂੰ ਸਥ ਗੁਰਪ੍ਰੀਤ ਸਿੰਘ ਇੰਚਾਰਜ ਚੌਕੀ ਕਮਾਲਕੇ ਖੂਫੀਆ ਇਤਲਾਹ ਮਿਲੀ ਕਿ ਕ੍ਰਿਪਾਲ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਨੇੜੇ ਪੈਟਰੋਲ ਪੰਪ ਮੋਗਾ ਰੋਡ ਧਰਮਕੋਟ ਆਪਣੇ ਹੋਰਨਾ ਸਾਥੀਆ ਨਾਲ ਕਿਸਾਨਾਂ ਦੇ ਖੇਤਾਂ ਵਿੱਚ ਲੱਗੇ ਟਰਾਂਸਫਾਰਮਾ ਵਿੱਚੋਂ ਤੇਲ ਚੋਰੀ ਕਰਕੇ ਅੱਗੇ ਡੇਅਰੀ ਵਾਲਾ ਢਾਬਾ ਧਰਮਕੋਟ ਤੋਂ ਕਮਾਲਕੇ ਰੋਡ ਉਪਰ ਦੇ ਮਾਲਕ ਬਲਕਾਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਫਿਰੋਜਵਾਲਾ ਬਾਡਾ ਤਹਿ ਧਰਮਕੋਟ ਜਿਲ੍ਹਾ ਮੋਗਾ ਨੂੰ ਸਸਤੇ ਭਾਅ ਉੱਪਰ ਵੇਚਦੇ ਹਨ।ਜਿਸਤੇ ਤੁਰੰਤ ਕਾਰਵਾਈ ਕਰਦਿਆਂ ਹੋਇਆਂ ਸਥ ਗੁਰਪ੍ਰੀਤ ਸਿੰਘ ਇੰਚਾਰਜ ਚੌਕੀ ਕਮਾਲਕੇ ਵੱਲੋਂ ਮੁਕੱਦਮਾ ਨੰਬਰ 102 ਮਿਤੀ 10.05.2022 ਅ/ਧ 379,411 ਭ.ਦ ਥਾਣਾ ਧਰਮਕੋਟ ਦਰਜ ਰਜਿਸਟਰ ਕਰਵਾਇਆ ਅਤੇ ਢਾਬਾ ਮਾਲਕ ਬਲਕਾਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਫਿਰੋਜਵਾਲਾ ਬਾਡਾ ਨੂੰ ਇੱਕ ਕੈਂਟਰ ਟਾਟਾ 407 ਨੰਬਰੀ -10- 9604 ਸਮੇਤ 02 ਡਰੱਮ ਤੇਲ ਦੇ ਭਰੇ ਹੋਏ ਕ੍ਰੀਬ 250 ਲੀਟਰ ਤੇਲ ਨਾਲ ਮੌਕਾ ਪਰ ਕਾਬੂ ਕੀਤਾ ਦੌਰਾਨੇ ਤਫਤੀਸ ਸਾਹਮਣੇ ਆਇਆ ਕਿ ਚੋਰੀ ਦਾ ਤੇਲ ਖਰੀਦ ਕਰਨ ਵਿੱਚ ਢਾਬਾ ਮਾਲਕ ਬਲਕਾਰ ਸਿੰਘ ਦਾ ਲੜਕਾ ਸੁਰਜੀਤ ਸਿੰਘ ਉਰਫ ਬਬਲੂ ਵੀ ਬਰਾਬਰ ਦਾ ਭਾਗੀਵਾਲ ਹੈ ਜੋ ਟਰਾਂਸਫਾਰਮਾ ਵਿੱਚ ਤੇਲ ਚੋਰੀ ਕਰਨ ਵਾਲੇ ਗਿਰੋਹ ਦੇ ਮੈਂਬਰਾਂ ਵਿੱਚ ਦੁਪਿੰਦਰ ਸਿੰਘ ਉਰਫ ਸਾਜਨ ਪੁੱਤਰ ਅਮਨ ਚੈਨ ਸਿੰਘ ਉਰਫ ਚੰਨਾ ਸਿੰਘ ਪੁੱਤਰ ਨਛੱਤਰ ਵਾਸੀ ਭੱਟੀ ਬਸਤੀ ਧਰਮਕੋਟ ਅਤੇ ਲਾਲਾ ਪੁੱਤਰ ਬਲਦੇਵ ਸਿੰਘ ਵਾਸੀ ਬੱਡੂਵਾਲ ਅਤੇ ਕ੍ਰਿਪਾਲ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਨੇੜੇ ਪੈਟਰੋਲ ਪੰਪ ਮੋਗਾ ਰੋਡ ਧਰਮਕੋਟ ਸਾਮਲ ਹਨ ਜੋ ਕਿ ਇੱਕ ਦਿਨ ਸਮੇਂ ਘੁੰਮ ਫਿਰ ਕੇ ਦੂਰ ਦੁਰਾਡੇ ਖੇਤਾ ਮੋਟਰਾਂ ਉੱਪਰ ਲੱਗੇ ਟਰਾਂਸਫਾਰਮਾ ਦੀ ਨਿਸਾਨਦੇਹੀ ਕਰ ਲੈਂਦੇ ਸਨ ਅਤੇ ਫਿਰ ਰਾਤ ਦੇ ਹਨੇਰੇ ਵਿੱਚ ਜਾ ਕੇ ਟਰਾਂਸਫਾਰਮਾ ਦੀ ਸਵਿੱਚ ਕੱਟ ਕੇ ਉਸ ਵਿੱਚੋਂ ਤੇਲ ਚੋਰੀ ਕਰ ਲੈਂਦੇ ਸਨ।ਬਲਕਾਰ ਸਿੰਘ ਅਤੇ ਉਸਦੇ ਲੜਕੇ ਸੁਰਜੀਤ ਸਿੰਘ ਉਰਫ ਬਬਲੂ ਦੇ ਕਬਜਾ ਵਿਚ ਤੇਲ ਕੱਢਣ ਲਈ ਵਰਤਿਆ ਜਾਣ ਵਾਲਾ ਟੁੱਲੂ ਪੰਪ,ਤੇਲ ਕੱਢਣ ਲਈ ਵਰਤੀਆਂ ਜਾਂਦੀਆ 8 ਪਾਈਪਾਂ ਅਤੇ 4 ਡਰੱਮ ਖਾਲੀ ਲੋਹਾ ਚੋਰੀ ਦਾ ਤੇਲ ਇੱਕਠਾ ਕਰਨ ਲਈ ਵਰਤੇ ਜਾਣ ਵਾਲੇ ਬ੍ਰਾਮਦ ਕੀਤੇ ਗਏ ਗ੍ਰਿਫਤਾਰ ਦੋਸੀਆਨ ਨੂੰ ਪੇਸ ਅਦਾਲਤ ਕਰਕੇ ਰਿਮਾਂਡ ਹਾਸਲ ਕਰਕੇ ਅਗਲੀ ਤਫਤੀਸ ਅਮਲ ਵਿੱਚ ਲਿਆਂਦੀ ਜਾਵੇਗੀ।

# ਆਰਟ ਆਫ ਲਿਵਿੰਗ ਵੱਲੋਂ ਸ਼੍ਰੀ ਗਿਆਨ ਮੰਦਰ ਲੱਖੀ ਕਲੋਨੀ ਬਰਨਾਲਾ ਵਿਖੇ ਖ਼ੂਨਦਾਨ ਕੈਂਪ ਲਗਾਇਆ



**ਬਰਨਾਲਾ/ਕਰਨਪ੍ਰੀਤ ਧੰਦਰਾਲ**

ਆਰਟ ਆਫ ਲਿਵਿੰਗ ਵੱਲੋਂ ਲਗਾਇਆ ਗਿਆ ਮਹਾਨ ਖ਼ੂਨਦਾਨ ਕੈਂਪ। ਆਰਟ ਆਫ ਲਿਵਿੰਗ ਦੇ ਸੰਸਥਾਪਕ ਸ੍ਰੀ ਸ੍ਰੀ ਰਵੀ ਸ਼ੰਕਰ ਜੀ ਦੇ ਜਨਮ ਦਿਨ ਦੀ ਖੁਸ਼ੀ ਮੌਕੇ ਸ਼੍ਰੀ ਗਿਆਨ ਮੰਦਰ ਲੱਖੀ ਕਲੋਨੀ ਬਰਨਾਲਾ ਵਿਖੇ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤਕ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਸਵਾਮੀ ਰਾਮ ਤੀਰਥ ਜੀ ਜਲਾਲ ਵਾਲਿਆਂ ਨੇ ਕੀਤਾ । ਉਕਤ ਜਾਣਕਾਰੀ ਦਿੰਦਿਆਂ ਸੰਜੀਵ ਮਿੱਤਲ, ਕ੍ਰਿਸ਼ਨ ਪ੍ਰਤਾਪ ,ਸੰਜੀਵ ਜੋਸ਼ੀ , ਨਰਿੰਦਰ ਕੁਮਾਰ ਅਤੇ ਪੀ ਡੀ ਸ਼ਰਮਾ ਨੇ ਦੱਸਿਆ ਕਿ ਇਸ ਖ਼ੂਨਦਾਨ ਕੈਂਪ ਦੌਰਾਨ 58 ਯੂਨਿਟ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਲੱਕੀ ਰਾਣੀ ਗਰਗ, ਸ਼ਕੁੰਤਲਾ, ਅਨੀਤਾ ਅਤੇ ਨੀਤੂ ਰਾਣੀ ਨੇ ਖ਼ੂਨਦਾਨ ਕਰਕੇ ਔਰਤਾਂ ਨੂੰ ਅੱਗੇ ਆ ਕੇ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ । ਖ਼ੂਨਦਾਨੀਆਂ ਨੂੰ ਮੈਡਲ ਅਤੇ ਸਰਟੀਫ਼?ਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

# ਭਗਵੰਤ ਮਾਨ ਵੱਲੋਂ ਪੰਜਾਬ ਪੁਲਸ ਕੇਜਰੀਵਾਲ ਨੂੰ ਸੌਂਪਣਾ ਬੇਹੱਦ ਨਿੰਦਣਯੋਗ: ਸੈਰੀ ਰਿਆੜ

**ਪਟਿਆਲਾ/ਇਕਬਾਲ ਸਿੰਘ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਪੁਲਸ ਦਾ ਇਸਤੇਮਾਲ ਨਿੱਜੀ ਰੰਜਿਸਾਂ ਕੱਢਣ ਦੀ ਕੋਸ਼?ਸ ਕਰ ਰਹੇ ਹਨ।ਆਮ ਆਦਮੀ ਪਾਰਟੀ ਨੂੰ ਪੰਜਾਬੀਆਂ ਨੇ ਇਹੋ ਜਿਹੇ ਕਾਰਜ ਕਰਨ ਲਈ ਸੱਤਾ ਨਹੀਂ ਸੌਂਪੀ ਸੀ।ਪੰਜਾਬ ਪੁਲਸ ਵੱਲੋਂ ਤੇਜਿੰਦਰ ਪਾਲ ਬੱਗਾ ਦੀ ਗ੍ਰਿਫਤਾਰੀ ਦੀ ਗੱਲ ਕਰਦਿਆਂ ਸੈਰੀ ਰਿਆੜ ਨੇ ਕਿਹਾ ਕਿ ਭਾਜਪਾ ਆਪਣਾ ਬੀਜਿਆ ਹੀ ਵੱਢ ਰਹੀ ਹੈ,ਭਾਜਪਾ ਨੇ ਪੁਲਸ ਦੀ ਦੁਰਵਰਤੋਂ ਸੁਰੂ ਕੀਤੀ ਸੀ ਅਤੇ ਹੁਣ ਉਸ ਦੀ ਬੀ - ਟੀਮ ਆਮ ਆਦਮੀ ਪਾਰਟੀ ਉਹੀ ਫਾਰਮੂਲਾ ਆਪਣੇ ਵਿਰੋਧੀਆਂ ਖਿਲਾਫ ਇਸਤੇਮਾਲ ਕਰ ਰਹੀ ਹੈ। ਕੇਜਰੀਵਾਲ ਇਹ ਸਾਬਿਤ ਕਰਨਾ ਚਾਹੁੰਦੇ ਹਨ ਕਿ ਉਹ ਜੋ ਕਹਿੰਦੇ ਹਨ, ਉਹੀ ਰੱਬ ਦਾ ਫਰਮਾਨ ਹੈ ਅਤੇ ਜੋ ਇਸਦਾ ਵਿਰੋਧ ਕਰੇਗਾ ਉਸ ਉੱਤੇ ਪੁਲਸ ਦਾ ਡੰਡਾ ਚਲਾਇਆ ਜਾਵੇਗਾ। ਉਹਨਾਂ ਕਿਹਾ ਕਿ ਵਿਰੋਧੀਆਂ ਦੀ ਆਵਾਜ ਨੂੰ ਦਬਾਉਣ ਲਈ ਕੇਜਰੀਵਾਲ ਵੱਲੋਂ ਅੱਜ ਪੰਜਾਬ ਪੁਲਸ ਦਾ ਰਾਜਨੀਤੀਕਰਨ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਇਹਨੀ ਦਿਨੀਂ ਅਪਰਾਧ ਸਿਖਰਾਂ ਤੇ ਹੈ ਅਤੇ ਨਵੀਂ ਸਰਕਾਰ ਆਉਣ ਤੋਂ ਬਾਅਦ ਰੋਜਾਨਾ ਕਿਤੇ ਨਾ ਕਿਤੇ ਹੱਤਿਆ ਦੇ ਮਾਮਲੇ ਸਾਹਮਣੇ ਆ ਰਹੇ ਹਨ ਪਰ ਆਮ ਆਦਮੀ ਪਾਰਟੀ ਗੰਭੀਰ ਅਪਰਾਧ ਦੇ ਇਹਨਾਂ ਮਾਮਲਿਆਂ ਵਿੱਚ ਇਨਸਾਫ ਦਵਾਉਣ ਦੀ ਬਜਾਏ ਆਪਣੇ ਸਿਆਸੀ ਵਿਰੋਧੀਆਂ ਦੇ ਪਿੱਛੇ ਪਈ ਹੋਈ ਹੈ। ਉਹਨਾਂ ਨੇ ਕਿਹਾ ਕਿ ਭਗਵੰਤ ਮਾਨ ਇਹ ਨਾ ਸਮਝੋ ਕਿ ਜੇਕਰ ਲੋਕਾਂ ਨੇ ਤੁਹਾਡੇ 92 ਵਿਧਾਇਕ ਜਿਤਾ ਦਿੱਤੇ ਹਨ ਤਾਂ ਤੁਹਾਡੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਲੋਕਾਂ ਨੇ ਮਨਮਾਨੀ ਕਰਨ ਦਾ ਲਾਇਸੈਂਸ ਦੇ ਦਿੱਤਾ ਹੈ। ਤੁਸੀ ਪੰਜਾਬੀਆਂ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਵਾਕਿਫ ਹੋ, ਪੰਜਾਬੀ ਸਿਰ ਵੀ ਬੜੀ ਛੇਤੀ ਚੜ੍ਹਾਉਂਦੇ ਨੇ ਤੇ ਉਤਾਰਦੇ ਵੀ ਬੜੀ ਛੇਤੀ ਹਨ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



# ਪੰਜਾਬ ਦੇ ਸਮੁੱਚੇ ਡਿਪੂ ਹੋਲਡਰ 16 ਮਈ ਨੂੰ ਚੰਡੀਗੜ੍ਹ ਵੱਲ ਘੱਤਣਗੇ ਵਹੀਰਾਂ, ਮੋਗਾ ਜ਼ਿਲ੍ਹਾ ਕਰੇਗਾ ਵੱਡੀ ਸ਼ਮੂਲੀਅਤ : ਕਾਲੜਾ,ਰਾਮਗੜ੍ਹ

**ਮੋਗਾ/ਦਵਿੰਦਰ ਸਿੰਘ ਬਿੱਟੂ**

ਕੋਰੋਨਾ ਮਹਾਂਮਾਰੀ ਦੌਰਾਨ ਜਦੋਂ ਸਾਰੀ ਲੁਕਾਈ ਘਰ ਅੰਦਰ ਬੰਦ ਹੋ ਕੇ ਰਹਿ ਗਈ ਸੀ ਪ੍ਰੰਤੂ ਇਕ ਡੀਪੂ ਹੋਲਡਰ ਹੀ ਸਨ ਜੋ ਕਿ ਇਸ ਭਿਆਨਕ ਦੌਰ ਵਿੱਚ ਵੀ ਆਪਣੀ ਜਾਨ ਨੂੰ ਤਲੀ ਤੇ ਰੱਖਦੇ ਹੋਏ ਕੇਂਦਰ ਵੱਲੋਂ ਆਏ ਰਾਸਨ ਨੂੰ ਲੋੜਵੰਦਾਂ ਵਿੱਚ ਘਰ ਘਰ ਜਾ ਕੇ ਵੰਡਣ ਲਈ ਰਤਾ ਵੀ ਸੰਕੋਚ ਨਹੀਂ ਕਰ ਰਹੇ ਸਨ ਭਾਵੇਂ ਇਸ ਦੌਰਾਨ ਉਨ੍ਹਾਂ ਦੇ ਪੰਜਾਬ ਵਿਚ ਕੋਈ ਡੇਢ ਤੋਂ ਦੋ ਦਰਜਨ ਦੇ ਕਰੀਬ ਡਿਪੂ ਹੋਲਡਰ ਆਪਣੀ ਜਾਨ ਤੋਂ ਵੀ ਹੱਥ ਧੋ ਬੈਠੇ ਸਨ। ਪ੍ਰੰਤੂ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕੇਂਦਰ ਵੱਲੋਂ ਰਾਸ਼ਨ ਵੰਡਣ ਸਬੰਧੀ ਆਈ ਕਰੋੜਾਂ ਦੀ ਰਾਸ਼ੀ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਡੀਪੂ ਹੋਲਡਰਾਂ ਦੇ ਖਾਤੇ ਵਿਚ ਨਹੀਂ ਪਾਈ ਗਈ ਜਦੋਂ ਕਿ ਹੋਰਨਾਂ ਮੰਗਾਂ ਦੇ ਨਾਲ ਨਾਲ ਇਸ ਸਬੰਧੀ ਪੰਜਾਬ ਸਰਕਾਰ ਨੂੰ ਕਈ ਵਾਰ ਸਮੇਂ ਸਮੇਂ ਤੇ ਗੁਹਾਰ ਵੀ ਲਗਾਈ ਜਾਂਦੀ ਰਹੀ ਹੈ । ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਮੋਗਾ ਦੇ ਡੀਪੂ ਹੋਲਡਰ ਦੇ ਪ੍ਰਧਾਨ ਨਿਰਮਲ ਸਿੰਘ ਕਾਲੜਾ, ਜ਼ਿਲ੍ਹਾ ਜਨਰਲ ਸਕੱਤਰ ਬਖਸ਼ੀਸ਼ ਸਿੰਘ ਰਾਮਗੜ੍ਹ ਅਤੇ ਜ਼ਿ?ਲਾ ਵਿੱਤ ਸਕੱਤਰ ਦਲੇਰ ਮਾਲਵਾ ਵੱਲੋਂ ਸਾਂਝੇ ਤੌਰ ਤੇ ਪੱਤਰਕਾਰਾਂ ਕੋਲ ਕੀਤਾ ਗਿਆ ।ਉਨ੍ਹਾਂ ਕਿਹਾ ਕਿ ਇਸ ਵਕਤ ਡਿੱਪੂ ਹੋਲਡਰਾਂ ਦੇ ਸਬਰ ਦਾ ਪਿਆਲਾ ਪੂਰੀ ਤਰ੍ਹਾਂ ਭਰ ਚੁੱਕਾ ਹੈ ਕਿਉਂਕਿ ਉਨ੍ਹਾਂ ਦੀ ਅਜੇ ਤੱਕ ਕਿਧਰੇ ਵੀ ਕੋਈ ਸੁਣਵਾਈ ਨਹੀਂ ਹੋਈ ਇਸ ਲਈ ਹੁਣ ਥੱਕ ਹਾਰ ਕੇ ਸੂਬਾਈ ਲੀਡਰਸ਼ਿਪ ਦੀ ਅਗਵਾਈ ਹੇਠ ਪੰਜਾਬ ਭਰ ਦੇ ਡਿੱਪੂ ਹੋਲਡਰ ਇਸ ਮਹੀਨੇ ਦੀ ਸੋਲਾਂ ਤਰੀਕ ਨੂੰ ਚੰਡੀਗੜ੍ਹ ਵਿਖੇ ਇਕ ਸੂਬਾ ਪੱਧਰ ਦਾ ਰੋਸ ਧਰਨਾ ਦੇਣਗੇ ਜਿਸ ਵਿੱਚ ਜ਼ਿਲ੍ਹਾ ਮੋਗਾ ਦੇ ਡੀਪੂ ਹੋਲਡਰ ਵੀ ਵੱਡੀ ਪੱਧਰ ਤੇ ਆਪਣੀ ਹਾਜ਼ਰੀ ਲਵਾਉਣਗੇ ।ਇਸ ਸਮੇਂ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ ਸੋਹੀ, ਹਰਿੰਦਰਜੀਤ ਸਿੰਘ, ਹਰਪ੍ਰੀਤ ਸਿੰਘ,ਇੰਦਰਜੀਤ ਸਿੰਘ, ਤੇਜਿੰਦਰ ਸਿੰਘ,ਗੁਰਦਰਸ਼ਨ ਸਿੰਘ,ਗੁਰਦੇਵ ਸਿੰਘ ਖੁਰਾਣਾ, ਮਨਪ੍ਰੀਤ ਸਿੰਘ, ਰਾਕੇਸ਼ ਕੁਮਾਰ ਸ਼ੈਦ ਮੁਹੰਮਦ, ਟੀਟੂ,ਜਨਕ ਰਾਜ ਫਤਿਹਗੜ੍ਹ ਪੰਜਤੂਰ ਆਦਿ ਵੀ ਹਾਜ਼ਰ ਸਨ ।

# ਗਊਸ਼ਾਲਾਂ 'ਚ ਤੂੜੀ ਸੰਕਟ ਨੂੰ ਲੈ ਕੇ ਗਊ ਭਗਤਾਂ ਨੇ ਏ ਡੀ ਸੀ ਬਰਨਾਲਾ ਅਮਿੱਤ ਬੈਂਬੀ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੰਗ ਪੱਤਰ ਭੇਜਿਆ



**ਬਰਨਾਲਾ/ਕਰਨਪ੍ਰੀਤ ਧੰਦਰਾਲ**

ਗਊ ਰੱਖਿਆ ਸੰਘਰਸ਼ ਕਮੇਟੀ ਬਰਨਾਲਾ ਵੱਲੋਂ ਏ ਡੀ ਸੀ ਬਰਨਾਲਾ ਅਮਿੱਤ ਬੈਂਬੀ ਆਈ.ਏ. ਐਸੱ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੰਗ ਪੱਤਰ ਭੇਜਿਆ ਗਿਆ । ਗਊ ਰੱਖਿਆ ਸੰਘਰਸ਼ ਕਮੇਟੀ ਬਰਨਾਲਾ ਦੇ ਪ੍ਰਮੁੱਖ ਲਲਿਤ ਮਹਾਜਨ ਨੇ ਕਿਹਾ ਕਿ ਪੰਜਾਬ ਵਿੱਚ ਤੂੜੀ ਦੀ ਬਹੁਤ ਕਿੱਲਤ ਆ ਚੁੱਕੀ ਹੈ ਪੰਜਾਬ ਅੰਦਰ ਸਾਬਣ ਬਣਾਉਣ ਵਾਲੀਆਂ ਪੰਦਰਾਂ ਦੇ ਕਰੀਬ ਫੈਕਟਰੀਆਂ ਅਤੇ ਬਾਰਾਂ ਦੇ ਕਰੀਬ ਗੱਤਾ ਬਣਾਉਣ ਵਾਲੀਆਂ ਮਿੱਲਾਂ ਤੋਂ ਇਲਾਵਾ ਪੇਪਰ ਬਣਾਉਣ ਵਾਲੀਆਂ ਮਿੱਲਾਂ ਤੂੜੀ ਨੂੰ ਕੱਚੇ ਮਾਲ ਦੇ ਤੌਰ ਤੇ ਵਰਤ ਰਹੀਆਂ ਹਨ ਜਿਸ ਕਾਰਨ ਮਾਰਕੀਟ ਵਿੱਚ ਤੂੜੀ ਨਹੀਂ ਮਿਲ ਰਹੀ । ਇਸ ਮੌਕੇ ਗਊ ਭਗਤ ਨੀਲਮਣੀ ਸਮਾਧੀਆ ਨੇ ਕਿਹਾ ਕਿ ਪਿਛਲੇ ਸਾਲ ਤੂੜੀ ਦਾ ਰੇਟ 300 ਰੁਪਏ ਦੇ ਕਰੀਬ ਸੀ ਤੇ ਹੁਣ ਇਸ ਸਾਲ 1200 ਰੁਪਏ ਤੋਂ ਉੱਪਰ ਤੂੜੀ ਵਿਕ ਰਹੀ ਹੈ ਜੋ ਕਿ ਨਵੰਬਰ ਦਸੰਬਰ ਮਹੀਨੇ ਵਿੱਚ ਦੋ ਹਜਾਰ ਰੁਪਏ ਪ੍ਰਤੀ ਕੁਇੰਟਲ ਤੂੜੀ ਵਿਕਣ ਦਾ ਅਨੁਮਾਨ ਹੈ। ਸਵਾਮੀ ਸਿਰੀ ਨਿਵਾਸ ਆਚਾਰੀਆ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਕੰਟਰੋਲ ਰੇਟ ਤੇ ਤੂੜੀ ਦਾ ਪ੍ਰਬੰਧ ਕਰਕੇ ਗਊਸ਼ਾਲਾਵਾਂ ਵਿੱਚ ਭੇਜੇ। ਜੇਕਰ ਅਜਿਹਾ ਪ੍ਰਬੰਧ ਨਾ ਹੋਇਆ ਤਾਂ ਗਊਆਂ ਭੁੱਖੀਆਂ ਮਰਨਗੀਆਂ ਜਿਸਦੀ ਜ਼ਿੰਮੇਵਾਰੀ ਸਰਕਾਰ ਿ▲ਸਰ ਹੋਵੇਗੀ । ਮੰਗ ਪੱਤਰ ਦੇਣ ਸਮੇਂ ਦਰਸ਼ਨ ਟੱਲੇਵਾਲ ,ਪ੍ਰੇਮ ਪ੍ਰੀਤਮ ,ਅਤੁਲ ਕੁਮਾਰ, ਵਾਸਦੇਵ ਸਿੰਗਲਾ, ਪੰਡਤ ਹਰਵਿੰਦਰ ਸ਼ਰਮਾ, ਪ੍ਰਸ਼ਾਂਤ ਗੋਇਲ , ਹਰਪ੍ਰੀਤ ਸੋਬਤੀ , ਪ੍ਰੇਮ ਕੁਮਾਰ, ਵਨੀਤ ਗਰਗ , ਭਗਵੰਤ ਰਾਏ, ਪ੍ਰਵੀਨ ਕੁਮਾਰ, ਅਤੁਲ ਜਿੰਦਲ , ਰੌਕੀ ਬਾਂਸਲ ਆਦਿ ਹਾਜ਼ਰ ਸਨ।

# ਸਾਹਿਤ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ ਪ੍ਰਿੰਸੀਪਲ ਕਾਉਂਕੇ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਸਾਹਿਤ ਅਤੇ ਪੰਜਾਬੀ ਪੁਸਤਕਾਂ ਸਾਨੂੰ ਜੀਵਨ ਜਾਂਚ ਸਿਖਾਉਦੀਆਂ ਹਨ ।ਸਮਾਜ ਨੂੰ ਆਗਾਂਹਵਧੂ ਅਤੇ ਸੱਭਿਅਕ ਬਣਾਉਣ ਲਈ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ ।ਇਹਨਾਂ ਸ਼ਬਦਾਂ ਵਾ ਪ੍ਰਗਟਾਵਾ ਸੇਵਾ ਮੁਕਤ ਪਿੰਸੀਪਲ ਅਤੇ ਲਿਖਾਰੀ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਕਾਉਕੇ ਨੇ ਵਿਵੇਕ ਕੋਟ ਈਸੇ ਖਾਂ ਦੇ ਗ੍ਰਹਿ ਵਿਖੇ ਸੰਖੇਪ ਪ੍ਰੈਸ ਮਿਲਣੀ ਦੌਰਾਨ ਕੀਤਾ ।ਉਹਨਾਂ ਇਹ ਵੀ ਕਿਹਾ ਕਿ ਮੋਗਾ ਸ਼ਹਿਰ ਸਾਹਿਤਕ ਗਤੀਵਿਧੀਆ ਦਾ ਕੇਂਦਰ ਹੈ ਪਰ ਏਥੇ ਕੋਈ ਵੀ ਅਜਿਹਾ ਸਥਾਨ ਨਹੀ ਹੈ ਜਿਥੇ ਲੇਖਕ ਇਕਠੇ ਹੋ ਸਾਹਿਤਕ ਪ੍ਰੋਗਰਾਮ ਕਰ ਸਕਦੇ ਹੋਣ ।ਉਹਨਾ ਮੋਗਾ ਸ਼ਹਿਰ ਵਿਚ ਸਾਹਿਤ ਸਦਨ ਬਣਾਉਣ ਦੀ ਮੰਗ ਨੂੰ ਜਾਇਜ ਦੱਸਦੇ ਹੋਏ ਇਸ ਦਾ ਸਮਰਥਨ ਕੀਤਾ ।ਇਸ ਮੌਕੇ ਲੇਖਕ ਵਿਵੇਕ ਅਤੇ ਪ੍ਰਧਾਨ ਸੁਰਜੀਤ ਸਿੰਘ ਕਾਉਂਕੇ ਨੇ ਗੁਰਮੀਤ ਕੜਿਆਲ ਨੂੰ ਸਾਹਿਤਕ ਸਨਮਾਨ ਮਿਲਣ ਤੇ ਵਧਾਈ ਦਿਤੀ ।ਅੰਤ ਵਿੱਚ ਵਿਵੇਕ ਨੇ ਆਏ ਮਹਿਮਾਨ ਨੂੰ ਕਿਤਾਬਾਂ ਦਾ ਸੈੱਟ ਭੇਟ ਕੀਤਾ।



# ਮਿਲੇਨੀਅਮ ਵਰਲਡ ਸਕੂਲ ਬਰਨਾਲਾ ਵੱਲੋਂ ਸਾਲਾਨਾ ਇਨਵੈਸਟੀਚਰ ਸਮਾਗਮ ਧੂਮ ਧਾਮ ਨਾਲ ਮਨਾਇਆ ਗਿਆ : ਅਨੂ ਸ਼ਰਮਾ

**ਬਰਨਾਲਾ/ਕਰਨਪ੍ਰੀਤ ਧੰਦਰਾਲ**





ਮਿਲੇਨੀਅਮ ਵਰਲਡ ਸਕੂਲ ਬਰਨਾਲਾ ਵੱਲੋਂ ਸਾਲਾਨਾ ਇਨਵੈਸਟੀਚਰ ਸਮਾਗਮ ਮਨਾਇਆ ਗਿਆ। ਜਿਸ ਦੌਰਾਨ ਸਮੂਹ ਸਟਾਫ ਮੈਨੇਜਮੈਂਟ ਅਤੇ ਸਮੂਹ ਵਿਦਿਆਰਥੀਆਂ ਨੇ ਸਮੂਲੀਅਤ ਕੀਤੀ। ਇਸ ਦੌਰਾਨ ਚੁਣੇ ਗਏ ਵਿਦਿਆਰਥੀਆਂ ਵੱਲੋਂ ਆਪਣੇ ਆਪਣੇ ਹਾਊਸ ਦੇ ਝੰਡੇ ਲੈਕੇ ਮਾਰਚ ਰੂਪ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ।ਖਾਸ ਤੌਰ ਤੇ ਪ੍ਰਿੰਸੀਪਲ ਮੈਡਮ ਅਨੂ ਸਰਮਾ ਵੱਲੋਂ ਇੰਨਾਂ ਚੁਣੇ ਗਏ ਵਿਦਿਆਰਥੀਆਂ ਦੀ ਬੜੀ ਹੌਂਸਲਾ ਅਫਜਾਈ ਕੀਤੀ। ਔਰ ਵਿਦਿਆਰਥੀਆਂ ਨੂੰ ਇਸ ਵੱਡੀ ਜੁੰਮੇਵਾਰੀ ਤਹਿਤ ਉਨਾਂ ਨੂੰ ਏਕਤਾ ਅਤੇ ਲੀਡਰਸ?ਿਪ ਦੇ ਗੁਣਾਂ ਬਾਰੇ ਚਾਨਣਾ ਪਾਇਆ। ਇਸ ਸਮਾਗਮ ਵਿੱਚ ਮੁੱਖ ਤੌਰ ਤੇ ਪਹੁੰਚੇ ਹੋਏ ਮਿਲੇਨੀਅਮ ਵਰਲਡ ਸਕੂਲ ਬਰਨਾਲਾ ਦੇ ਚੇਅਰਮੈਨ ਹਰਦੇਵ ਸਿੰਘ ਬਾਜਵਾ ਜੀਆਂ ਨੇ ਇੰਨਾਂ ਵਿਦਿਆਰਥੀਆਂ ਨੂੰ ਆਸੀਰਵਾਦ ਦਿੱਤਾ ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀ ਪ੍ਰਭਦੀਪ ਸਿੰਘ ਤੇ ਡੇਜੀ ਸੀਨੀਅਰ ਹੈੱਡ ਲੜਕਾ ਤੇ ਸੀਨੀਅਰ ਹੈੱਡ ਲੜਕੇ ਨੇ ਸਮੁੱਚੀ ਟੀਮ ਦੀ ਅਗਵਾਈ ਕੀਤੀ।

ਇਸੇ ਦੌਰਾਨ ਜੂਨੀਅਰ ਹੈੱਡ ਲੜਕਾ ਯਤਿਸ ਹੈੱਡ ਲੜਕੀ ਹਰਗੁਨਦੀਪ ਕੌਰ ਤੇ ਚੁਣੇ ਹੋਏ ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਸੌਂਹ ਚੁੱਕੀ ਤੇ ਆਪੋ ਆਪਣੇ ਵਿਚਾਰ ਪੇਸ ਕਰ ਆਪਣੀ ਟੀਮ ਵਲੋਂ ਵਿਸਵਾਸ ਦਿਵਾਇਆ ਕੀ ਉਹ ਆਪਣੇ ਸਕੂਲ ਦੇ ਅਨੁਸਾਸਨ ਪ੍ਰਤੀ ਸਿਧਾਂਤਾਂ ਪ੍ਰਤੀ ਤੇ ਆਪਣੇ ਅਧਿਆਪਕ ਸਾਹਿਬਾਨਾਂ ਪ੍ਰਤੀ ਹਮੇਸਾ ਤਤਪਰ ਰਹਿਣਗੇ।

ਇਸੇ ਦੌਰਾਨ ਵਿਦਿਆਰਥਣ ਨੌਵੀਂ ਜਮਾਤ ਰਿਪਨਜੀਤ ਕੌਰ ਨੂੰ ਸਪੋਰਟਸ ਕੈਪਟਨ ਹਰਤਾਜ ਦੁੱਗਲ ਨੂੰ ਜੂਨੀਅਰ ਕੈਪਟਨ ਚੁਣਿਆ ਗਿਆ। ਦਿਲਪ੍ਰੀਤ ਕੌਰ ਨੂੰ ਸੀਨੀਅਰ ਕੈਪਟਨ ਤੇ ਅਰਮਾਨ ਦੀਪ ਸਿੰਘ ਨੂੰ ਜੂਨੀਅਰ ਕੈਪਟਨ ਅਕਾਸ ਹਾਊਸ ਵਲੋਂ ਚੁਣਿਆ ਗਿਆ। ਵਿਦਿਆਰਥਣ ਅਰਦਾਸ ਸੰਧੂ ਸੀਨੀਅਰ ਕੈਪਟਨ ਤੇ ਵਿਦਿਆਰਥੀ ਰਕਸ?ਿਤ ਨੂੰ ਜੂਨੀਅਰ ਕੈਪਟਨ ਪ੍ਰਿਥਵੀ ਹਾਊਸ ਵੱਲੋਂ ਚੁਣਿਆ ਗਿਆ। ਅਨਮੋਲਪਰੀਤ ਸਿੰਘ ਸੀਨੀਅਰ ਕੈਪਟਨ ਤੇ ਸਮਰਦੀਪ ਸਿੰਘ ਨੂੰ ਜੂਨੀਅਰ ਕੈਪਟਨ ਜਲ ਹਾਊਸ ਵਲੋਂ ਚੁਣਿਆ ਗਿਆ। ਹਰਸਦੀਪ ਸਿੰਘ ਨੂੰ ਸੀਨੀਅਰ ਕੈਪਟਨ ਤੇ ਨਰਿੰਦਰ ਸਿੰਘ ਜੂਨੀਅਰ ਕੈਪਟਨ ਅਗਨੀ ਹਾਊਸ ਵਲੋਂ ਚੁਣਿਆ ਗਿਆ।ਅੰਤ ਵਿੱਚ ਪ੍ਰਿੰਸੀਪਲ ਮੈਡਮ ਅਨੂ ਸਰਮਾ ਜੀ ਨੇ ਇੰਨਾਂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਹੋਇਆ ਕਿਹਾ ਅੱਜ ਤੋਂ ਇਸ ਸਮੁੱਚੀ ਟੀਮ ਦੀ ਸਕੂਲ ਪ੍ਰਤੀ ਬਹੁਤ ਵੱਡੀ ਜੁੰਮੇਵਾਰੀ ਹੈ। ਤਨਦੇਹੀ ਨਾਲ ਸਕੂਲ ਅਨੁਸਾਸਨ“ ਸਕੂਲ ਦੇ ਸਿਧਾਂਤਾਂ“““ ਪੂਰਨ ਲੀਡਰਸ?ਿਪ ਤੌਰ ਤੇ ਇਨਸਾਨੀਅਤ ਪ੍ਰਤੀ ਸੰਵੇਦਨਸੀਲ ਹੋਣਾ ਆਪਣੇ ਸਿੱਖਿਆ ਦੇ ਭਵਿੱਖ ਨੂੰ ਸਿਖਰਾਂ ਤੇ ਲੈਕੇ ਜਾਣ ਦੀ ਲੋੜ ਹੈ। ਸਮੁੱਚੇ ਤੌਰ ਤੇ ਸਮੂਹ ਸਟਾਫ ਸਮੂਹ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਹੋਇਆ ਆਪੋ ਆਪਣੀਆਂ ਜੁੰਮੇਵਾਰੀਆਂ ਪ੍ਰਤੀ ਤਤਪਰ ਰਹਿਣ ਦੀ ਤਾਕੀਦ ਕੀਤੀ।

# ਰੀਅਲਮੀ ਟੈਕਲਾਈਫ ਰਾਹੀਂ ਡਿਜੋ ਨੇ ਆਫਲਾਈਨ ਐਕਸਕਲੂਸਿਵ ਉਤਪਾਦ ਪੇਸ਼ ਕੀਤਾ ਹੈ; ਭਾਰਤ ਵਿੱਚ ਡਿਜੋ ਵਾਇਰਲੈੱਸ ਪਾਵਰ ਆਈ ਅਤੇ ਡਿਜੋ ਵਾਚ 2 ਸਪੋਰਟਸ ਆਈ ਲਾਂਚ ਕੀਤਾ




**ਚੰਡੀਗੜ੍ਹ/ਲੋਕ ਬਾਣੀ**

ਰੀਅਲਮੀ ਟੈਕਲਾਈਫ ਈਕੋਸਿਸਟਮ ਦੇ ਅਧੀਨ ਪਹਿਲੇ ਬ੍ਰਾਂਡ ਡਿਜੋ ਨੇ ਅੱਜ ਆਪਣੇ ਆਫਲਾਈਨ ਐਕਸਕਲੂਸਿਵ ਨੇਕਬੈਂਡ ਈਅਰਫੋਨ - ਡਿਜੋ ਵਾਇਰਲੈੱਸ ਪਾਵਰ ਆਈ ਅਤੇ ਇੱਕ ਸਮਾਰਟਵਾਚ - ਡਿਜੋ ਵਾਚ 2 ਸਪੋਰਟਸ ਆਈ ਲਾਂਚ ਕਰਨ ਦਾ ਐਲਾਨ ਕੀਤਾ ਹੈ . ਭਾਰਤੀ ਬਾਜਾਰ ਵਿੱਚ, ਆਫਲਾਈਨ ਵਿਜਬਿਲਿਟੀ ਅਤੇ ਸਟੈਂਸ ਦਾ ਵਿਸਤਾਰ ਕਰਨ ਦੇ ਉਦੇਸ ਨਾਲ, ਖਾਸ ਤੌਰ ਤੇ ਪੰਜਾਬ ਅਤੇ ਹਰਿਆਣਾ, ਉਤਪਾਦ ਦੀਆਂ ਪ੍ਰਮੁੱਖ ਰਿਟੇਲ ਚੇਨਾਂ 'ਤੇ ਉਪਲਬਧ ਹੋਣਗੇ, ਜਿਨ੍ਹਾਂ ਵਿੱਚ ਸਪਾਈਸ ਕਮਿਊਨੀਕੇਸਨ, ਦਿੱਲੀ ਇਲੈਕਟ੍ਰੋਨਿਕਸ, ਅਨਮੋਲ ਵਾਚਸ ਸਮੇਤ ਹੋਰ ਸਾਮਲ ਹਨ, ਅਤੇ ਜਲਦੀ ਹੀ ਰਿਲਾਇੰਸ, ਕਰੋਮਾ ਅਤੇ ਵਿਜੇ ਸੇਲਜ 'ਤੇ ਆ ਰਿਹਾ ਹੈ . ਡਿਜੋ ਵਾਇਰਲੈੱਸ ਪਾਵਰ ਆਈ ਅੱਜ ਤੋਂ ਉਪਲਬਧ ਹੋਏਗਾ, ਜਦਕਿ ਡਿਜੋ ਵਾਚ 2 ਸਪੋਰਟਸ ਆਈ 02 ਜੂਨ 2022 ਤੋਂ ਐਨਸੀਆਰ, ਲਖਨਊ, ਅਹਿਮਦਾਬਾਦ, ਚੰਡੀਗੜ੍ਹ, ਪੁਣੇ, ਹੈਦਰਾਬਾਦ, ਬੰਗਲੌਰ, ਚੇਨਈ ਅਤੇ ਕੋਚੀਨ ਅਤੇ ਕੋਇੰਬਟੂਰ ਸਮੇਤ ਚੋਟੀ ਦੇ ਟੀਅਰ-1 ਅਤੇ ਟੀਅਰ-2 ਸਹਿਰਾਂ ਵਿੱਚ ਵੇਚਿਆ ਜਾਵੇਗਾ .

ਫਲਿੱਪਕਾਰਟ ਨਾਲ ਉਨ੍ਹਾਂ ਦੇ ਸਾਥੀ ਦੇ ਤੌਰ ਤੇ ਕੰਮ ਕਰਦੇ ਹੋਏ ਡਿਜੋ ਨੇ ਆਨਲਾਈਨ ਬਜਾਰ ਵਿੱਚ ਇੱਕ ਸਫਲ ਮੌਜੂਦਗੀ ਸਥਾਪਿਤ ਕੀਤੀ ਹੈ ਅਤੇ ਆਪਣੀ ਸਥਾਪਨਾ ਦੇ ਬਾਅਦ ਤੋਂ ਆਫਲਾਈਨ ਸਟ੍ਰੀਮ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਨ ਦੀ ਦਿਸਾ ਵਿੱਚ ਕੰਮ ਕਰ ਰਿਹਾ ਹੈ . ਬ੍ਰਾਂਡ ਨੂੰ ਰੀਅਲਮੀ ਦਾ ਸਹਿਯੋਗ ਪ੍ਰਾਪਤ ਹੈ ਅਤੇ ਇਹ ਅਪਣੇ ਉਪਭੋਗਤਾਵਾਂ ਦੀਆਂ ਵੱਖੋ-ਵੱਖਰੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਥਾਨਕ ਸੰਚਾਲਨ ਸਰੋਤਾਂ ਨਾਲ ਤਾਲਮੇਲ ਕਰਦੇ ਹੋਏ ਆਪਣੀ ਗਲੋਬਲ ਸਪਲਾਈ ਚੇਨ ਦਾ ਸਹਿਜ ਏਕੀਕਰਣ ਲਿਆਉਂਦਾ ਹੈ . ਸਰਵਿਸ ਦੇ ਲਿਹਾਜ ਨਾਲ ਡਿਜੋ ਨੇ ਪੂਰੇ ਭਾਰਤ ਵਿੱਚ 460 ਤੋਂ ਵੱਧ ਸਹਿਰਾਂ ਵਿੱਚ 490+ ਤੋਂ ਵੱਧ ਕੇਂਦਰਾਂ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ . ਵੱਖ-ਵੱਖ ਵਿਅਕਤੀਆਂ ਲਈ ਸਮਾਰਟ ਟੈਕ ਲਾਈਫ ਦੀ ਪੇਸਕਸ ਕਰਨ ਦੇ ਮਿਸਨ ਦੇ ਨੇੜੇ-ਤੇੜੇ ਨਿਰਮਿਤ ਡਿਜੋ ਦਾ ਉਦੇਸ ਤਕਨੀਕੀ ਸਮਾਨਤਾਵਾਂ ਦੇ ਕਲਾਸਟਰ ਨੂੰ ਤੋੜਨਾ ਅਤੇ ਅਜਿਹੇ ਹੱਲ ਪੇਸ ਕਰਨਾ ਹੈ ਜਿਹੜੇ ਹਰ ਵੱਖਰੇ ਉਪਭੋਗਤਾ ਦੀਆਂ ਜਰੂਰਤਾਂ ਦੇ ਅਨੁਕੂਲ ਹੋਣ . ਆਪਣੇ ਉਪਭੋਗਤਾਵਾਂ ਨੂੰ ਵੱਖਰੇ ਬਣੋ ਦੀ ਬੇਨਤੀ ਕਰਦੇ ਹੋਏ ਬ੍ਰਾਂਡ ਅਜਿਹੀ ਤਕਨਾਲੋਜੀ ਦੀ ਪੇਸਕਸ ਕਰਨਾ ਚਾਹੁੰਦਾ ਹੈ ਜੋ ਉਪਭੋਗਤਾ ਦੀ ਨਿਜਤਾ ਨੂੰ ਪੂਰਕ ਕਰਦੀ ਹੈ ਉਹਨਾਂ ਨੂੰ ਸਕਤੀ ਪ੍ਰਦਾਨ ਕਰਦੀ ਹੈ ਅਤੇ ਉਹਨਾਂ ਦੀਆਂ ਸੰਬੰਧਿਤ ਸਖਸੀਅਤਾਂ ਦਾ ਵਿਸਤਾਰ ਬਣ ਜਾਂਦੀ ਹੈ॥ ਐਕਸਕਲੂਸਿਵ ਲਾਂਚ ਦੇ ਕ੍ਰਮ ਵਿੱਚ ਡਿਜੋ ਇੰਡੀਆ ਦੇ ਸੀਈਓ ਅਭਿਲਾਸ ਪਾਂਡਾ ਨੇ ਕਿਹਾ ਭਾਰਤ ਵਿੱਚ ਸਮਾਰਟ ਵੇਯਰੇਬਲਸ ਦੇ ਵਿਕਾਸ ਵਿੱਚ ਯੋਗਦਾਨ ਕਰਦੇ ਹੋਏ ਮੈਂ ਆਪਣੇ ਸਾਰੇ ਉਪਭੋਗਤਾਵਾਂ ਨੂੰ ਸਾਡੇ ਉੱਤੇ ਭਰੋਸਾ ਰੱਖਣ ਅਤੇ ਸਾਡੇ ਉਤਪਾਦਾਂ ਦੀ ਚੋਣ ਕਰਨ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ . ਡਿਜੋ ਇੰਡੀਆ ਦੇ ਵਿਕਰੀ ਨਿਰਦੇਸਕ ਸਾਂਤਨੂ ਸਿੰਘ ਦੀ ਅਗਵਾਈ ਵਿੱਚ ਅਸੀਂ ਹੁਣ ਭਾਰਤ ਵਿੱਚ ਆਫਲਾਈਨ ਮੌਜੂਦਗੀ ਦੇ ਵਿਸਤਾਰ ਵੱਲ ਕਦਮ ਵਧਾਉਣ ਲਈ ਬਹੁਤ ਉਤਸਾਹਿਤ ਹਾਂ . ਭਾਰਤ ਵਿੱਚ ਵਿਲੱਖਣ ਉਪਭੋਗਤਾ ਦੀ ਖਰੀਦਦਾਰੀ ਵਿਵਹਾਰ ਨੂੰ ਅਪਣਾਉਣਾ ਅਤੇ ਸਾਡੇ ਮਾਣਯੋਗ ਉਪਭੋਗਤਾਵਾਂ ਲਈ ਆਸਾਨ ਪਹੁੰਚਯੋਗਤਾ ਅਤੇ ਸਭ ਤੋਂ ਵੱਧ ਕਿਫਾਇਤੀ ਫੀਚਰ ਨਾਲ ਭਰਪੂਰ ਹੱਲ ਪ੍ਰਦਾਨ ਕਰਨਾ ਸਾਡੀ ਤਰਜੀਹ ਰਹੇਗੀ।

# ਕਰਮਚਾਰੀ ਰਾਜ ਬੀਮਾ ਨਿਗਮ, ਲੁਧਿਆਣਾ ਵੱਲੋਂ 'ਆਜਾਦੀ ਕੇ ਅੰਮ੍ਰਿਤ ਮਹੋਤਸਵ' ਮੌਕੇ ਮੈਡੀਕਲ ਅਤੇ ਜਾਗਰੂਕਤਾ ਕੈਂਪ ਲਗਾਇਆ



**ਲੁਧਿਆਣਾ/ਸੁਖਚੈਨ ਮਹਿਰਾ**

ਭਾਰਤ ਦੀ ਆਜਾਦੀ ਦੀ 75ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਕਰਮਚਾਰੀ ਰਾਜ ਬੀਮਾ ਨਿਗਮ ਵੱਲੋਂ ਦੇਸ ਦੇ ਸਾਰੇ ਖੇਤਰਾਂ ਵਿੱਚ ਇੱਕ ਸਾਲ ਲਈ ਹਰ ਮਹੀਨੇ ਮੈਡੀਕਲ ਅਤੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਨਿਗਮ ਦੇ ਉਪ ਖੇਤਰੀ ਦਫਤਰ ਲੁਧਿਆਣਾ ਵੱਲੋਂ ਮੈਸਰਜ ਰਾਲਸਨ ਇੰਡੀਆ ਲਿਮਟਿਡ, ਯੂਨਿਟ-3 ਵੀ-ਕੋਟ ਪਨੀਚ, ਦੋਰਾਹਾ, ਲੁਧਿਆਣਾ ਦੇ ਸਹਿਯੋਗ ਨਾਲ ਕਰਮਚਾਰੀਆਂ ਦੇ ਸਹਿਯੋਗ ਨਾਲ ਇੱਕ ਜਾਗਰੂਕਤਾ ਅਤੇ ਮੈਡੀਕਲ ਕੈਂਪ ਲਗਾਇਆ ਗਿਆ। ਰਾਜ ਬੀਮਾ ਨਿਗਮ ਡਿਸਪੈਂਸਰੀ ਨੰ-4, ਲੁਧਿਆਣਾ। ਕੈਂਪ ਵਿੱਚ 267 ਕਰਮਚਾਰੀਆਂ ਦਾ ਸਿਹਤ ਚੈਕਅੱਪ ਕੀਤਾ ਗਿਆ ਅਤੇ ਲੋੜ ਅਨੁਸਾਰ ਦਵਾਈਆਂ ਵੀ ਦਿੱਤੀਆਂ ਗਈਆਂ। ਸ੍ਰੀ ਸਤਿਆਵਾਨ ਸਿੰਘ (ਸਹਾਇਕ ਡਾਇਰੈਕਟਰ), ਸ੍ਰੀ ਸੰਦੀਪ ਸਲੂਜਾ (ਸਮਾਜਿਕ ਸੁਰੱਖਿਆ ਅਫਸਰ), ਸ੍ਰੀਮਤੀ ਆਕਾਂਕਸਾ ਰਹੇਜਾ (ਸਮਾਜਿਕ ਸੁਰੱਖਿਆ ਅਫਸਰ), ਸ੍ਰੀ ਸਤਿੰਦਰ ਸਿੰਘ (ਸਮਾਜਿਕ ਸੁਰੱਖਿਆ ਅਫਸਰ) ਦੇ ਨਾਲ ਡਾ. ਕੈਂਪ ਵਿੱਚ ਖੇਤਰੀ ਦਫਤਰ, ਈ.ਐਸ.ਆਈ.ਸੀ., ਲੁਧਿਆਣਾ।ਈ.ਐਸ.ਆਈ ਡਿਸਪੈਂਸਰੀ ਨੰ-4) ਅਤੇ ਉਨ੍ਹਾਂ ਦੀ ਮੈਡੀਕਲ ਟੀਮ ਨੇ ਭਾਗ ਲਿਆ। ਸ੍ਰੀ ਸੰਦੀਪ ਸਲੂਜਾ (ਸਮਾਜਿਕ ਸੁਰੱਖਿਆ ਅਫਸਰ) ਅਤੇ ਸ੍ਰੀ ਸਤਿੰਦਰ ਸਿੰਘ (ਸਮਾਜਿਕ ਸੁਰੱਖਿਆ ਅਫਸਰ) ਨੇ ਦੇ ਵੱਖ-ਵੱਖ ਲਾਭਾਂ ਦੇ ਨਾਲ-ਨਾਲ ਬੀਮੇ ਵਾਲੇ ਵਿਅਕਤੀਆਂ ਨੂੰ ਨਵੀਨਤਮ ਸਕੀਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਕਰਮਚਾਰੀ ਰਾਜ ਬੀਮਾ ਨਿਗਮ ਦੇ ਇਸ ਯਤਨ ਦੀ ਮੈਸਰਜ ਰਾਲਸਨ ਇੰਡੀਆ ਲਿਮਟਿਡ ਦੇ ਪ੍ਰਬੰਧਨ ਦੁਆਰਾ ਸਲਾਘਾ ਕੀਤੀ ਗਈ। ਸ੍ਰੀ ਸੁਰਿੰਦਰ ਯਾਦਵ, ਐਚਆਰ ਮੈਨੇਜਰ, ਮੈਸਰਜ ਰਾਲਸਨ ਇੰਡੀਆ ਲਿਮਟਿਡ ਨੇ ਕਿਹਾ ਕਿ ਇਸ ਕਿਸਮ ਦਾ ਸਮਾਗਮ ਕਰਮਚਾਰੀ ਰਾਜ ਬੀਮਾ ਨਿਗਮ ਦੀ ਇੱਕ ਚੰਗੀ ਪਹਿਲਕਦਮੀ ਹੈ, ਜਿਸ ਨਾਲ ਰੁਜਗਾਰਦਾਤਾ ਅਤੇ ਬੀਮਾਕਰਤਾ ਨਿਗਮ ਦੀਆਂ ਵੱਖ-ਵੱਖ ਸਕੀਮਾਂ ਤੋਂ ਜਾਣੂ ਹੋਣਗੇ। ਸਿਹਤ ਜਾਂਚ ਦੇ ਨਾਲ-ਨਾਲ ਤਾਂ ਜੋ ਨਾਜੁਕ ਸਥਿਤੀ ਵਿੱਚ। ਉਨ੍ਹਾਂ ਕਰਮਚਾਰੀ ਰਾਜ ਬੀਮਾ ਨਿਗਮ ਦੇ ਅਧਿਕਾਰੀਆਂ ਅਤੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ।

# ਸਾਂਝਾ ਅਧਿਆਪਕ ਮੋਰਚਾ ਨੇ ਰੁਕੀਆਂ ਤਨਖਾਹਾਂ ਬਹਾਲ ਕਰਵਾਉਣ ਲਈ ਕੀਤਾ ਰੋਸ ਪ੍ਰਦਰਸ਼ਨ



**ਬਰਨਾਲਾ/ਕਰਨਪ੍ਰੀਤ ਧੰਦਰਾਲ**

ਪਿਛਲੇ ਦੋ ਮਹੀਨਿਆਂ ਤੋਂ ਤਨਖਾਹਾਂ ਨੂੰ ਤਰਸ ਰਹੇ ਅਧਿਆਪਕਾਂ ਦਾ ਗੁੱਸਾ ਸੱਤਵੇਂ ਅਸਮਾਨ ਤੇ ਪਹੁੰਚ ਗਿਆ ਹੈ ਤੇ ਰੋਹ ਵਿੱਚ ਆਏ ਅਧਿਆਪਕਾਂ ਨੇ ਅੱਜ ਜਿਲ੍ਹਾ ਸਿੱਖਿਆ ਅਫਸਰ ਦੀ ਢਿੱਲੀ ਕਾਰਗੁਜ਼ਾਰੀ ਅਤੇ ਪੰਜਾਬ ਸਰਕਾਰ ਦੀ ਅਧਿਆਪਕਾਂ ਪ੍ਰਤੀ ਬੇਰੁਖੀ ਖਿਲਾਫ ਸਾਂਝਾ ਅਧਿਆਪਕ ਮੋਰਚਾ ਦੇ ਝੰਡੇ ਹੇਠ ਜਿਲ੍ਹਾ ਸਿੱਖਿਆ ਦਫਤਰ ਵਿੱਚ ਜੋਰਦਾਰ ਨਾਅਰੇਬਾਜੀ ਕੀਤੀ। ਇੱਥੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਅਧਿਆਪਕਾਂ ਨੇ ਡੀ ਸੀ ਕੰਪਲੈਕਸ ਤੋਂ ਸਿੱਖਿਆ ਮੰਤਰੀ ਦੀ ਆਰਜ਼ੀ ਰਿਹਾਇਸ਼ ਰੈਸਟ ਹਾਊਸ ਤੱਕ ਮਾਰਚ ਕਰਦੇ ਹੋਏ ਸਿੱਖਿਆ ਮੰਤਰੀ ਦੇ ਪੀ. ਏ. ਰੋਹਿਤ ਕੁਮਾਰ ਨੂੰ ਮੰਗ ਪੱਤਰ ਵੀ ਦਿੱਤਾ।

ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਸਾਂਝਾ ਅਧਿਆਪਕ ਮੋਰਚਾ ਦੇ ਆਗੂ ਹਰਿੰਦਰ ਮੱਲ੍ਹੀਆਂ, ਗੁਰਮੀਤ ਸੁਖਪੁਰ, ਪ੍ਰਮਿੰਦਰ ਸਿੰਘ, ਨਰਿੰਦਰ ਕੁਮਾਰ ਸਹਿਣਾ, ਬਲਦੇਵ ਸਿੰਘ ਧੌਲਾ ਨੇ ਕਿਹਾ ਕਿ ਬਹੁਤ ਸਾਰੇ ਸਕੂਲਾਂ ਦੀਆਂ ਡੀ ਡੀ ਪਾਵਰ ਮਹਿਕਮੇ ਦੀ ਨਲਾਇਕੀ ਕਾਰਨ ਜਾਰੀ ਨਹੀਂ ਕੀਤੀਆਂ ਜਾ ਰਹੀਆਂ ਜਿਸ ਕਾਰਨ ਪੂਰੇ ਪੰਜਾਬ ਦੇ ਹਜ਼ਾਰਾਂ ਅਧਿਆਪਕ ਨੂੰ ਫਾਕੇ ਕੱਟਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਜ਼ਿਲ੍ਹੇ ਦੇ ਬਹੁਤ ਸਾਰੇ ਵਾਧੂ ਚਾਰਜ ਵਾਲੇ ਸਕੂਲ ਮੁਖੀ ਫਾਰਗ ਹੋ ਗਏ ਹਨ । ਇਸ ਲਈ ਇਨ੍ਹਾਂ ਸਕੂਲਾਂ ਵਿਚ ਮਾਰਚ ਅਤੇ ਅਪ੍ਰੈਲ ਮਹੀਨੇ ਦੀ ਤਨਖਾਹ ਅਧਿਆਪਕਾਂ ਨੂੰ ਨਹੀਂ ਮਿਲੀ ਹੈ। ਆਗੂਆਂ ਨੇ ਸਿੱਖਿਆ ਮੰਤਰੀ ਦੇ ਨਾਂ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਇਨ੍ਹਾਂ ਸਕੂਲਾਂ ਦਾ ਚਾਰਜ ਤੁਰੰਤ ਨੇੜਲੇ ਪ੍ਰਿੰਸੀਪਲ, ਮੁੱਖ ਅਧਿਆਪਕਾਂ ਨੂੰ ਦੇ ਕੇ ਤਨਖਾਹਾਂ ਕਢਵਾਈਆਂ ਜਾਣ। ਆਗੂਆਂ ਨੇ ਕਿਹਾ ਕਿ ਜੇਕਰ ਅਗਲੇ ਦਿਨਾਂ ਤੱਕ ਡੀ ਡੀ ਪਾਵਰਾਂ ਨਹੀਂ ਦਿੱਤੀਆਂ ਗਈਆਂ ਤਾਂ ਸਾਂਝਾ ਅਧਿਆਪਕ ਮੋਰਚਾ ਵੱਡੇ ਸੰਘਰਸ ਕਰਨ ਤੋਂ ਪਿੱਛੇ ਨਹੀਂ ਹਟੇਗਾ ਅਤੇ ਜਲਦੀ ਹੀ ਇਸ ਸਬੰਧੀ ਵੱਧਵੀਂ ਮੀਟਿੰਗ ਕਰ ਕੇ ਤਿੱਖੇ ਸੰਘਰਸ ਵੱਲ ਨੂੰ ਵਧਿਆ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਰਾਜੀਵ ਕੁਮਾਰ, ਕੁਸ਼ਲ ਸਿੰਘੀ, ਅਮਰੀਕ ਸਿੰਘ ਭੱਦਲਵੱਡ, ਕੇਵਲ ਸਿੰਘ, ਬਲਜਿੰਦਰ ਪ੍ਰਭੂ, ਏਕਮਪ੍ਰੀਤ ਸਿੰਘ ਭੋਤਨਾ, ਸੁਖਬੀਰ ਸਿੰਘ ਸੰਘੇੜਾ, ਸਤੀਸ਼ ਕੁਮਾਰ ਸਹਿਜੜਾ, ਅੰਮ੍ਰਿਤ ਪਾਲ, ਦੇਵਿੰਦਰ ਤਲਵੰਡੀ, ਮਲਕੀਤ ਸਿੰਘ ਪੱਤੀ, ਰਮਨਦੀਪ ਸਿੰਗਲਾ ਆਦਿ ਹਾਜਰ ਸਨ।

# ਏਪੀਜੇ ਸਿੱਖਿਆ ਅਤੇ ਏਡਬਲੂਐਸ ਨੇ ਅਕਾਦਮਿਕ ਅਦਾਰਿਆਂ ਨੂੰ ਆਪਣੀ ਡਿਜੀਟਲ ਤਿਆਰੀ ਵਿੱਚ ਤੇਜੀ ਲਿਆਉਣ ਵਿੱਚ ਮਦਦ ਕਰਨ ਲਈ ਭਾਰਤ ਦੀ ਰਾਸਟਰੀ ਸਿੱਖਿਆ ਨੀਤੀ ਨਾਲ ਜੁੜੇ ਨਵੇਂ ਐਕਸਲੇਟਰ ਪ੍ਰੋਗਰਾਮ ਦੀ ਘੋਸਣਾ ਕੀਤੀ

**ਚੰਡੀਗੜ੍ਹ/ਲੋਕ ਬਾਣੀ**

ਏਪੀਜੇ ਸਿੱਖਿਆ ਭਾਰਤ ਵਿੱਚ ਇੱਕ ਅਕਾਦਮਿਕ ਅਦਾਰਾ ਜੋ 50 ਸਾਲਾਂ ਤੋਂ ਵੱਧ ਸਮੇਂ ਤੋਂ ਸਥਾਪਿਤ ਹੈ ਅਤੇ ਐਮਾਜਾਨ ਵੈੱਬ ਸਰਵਿਸਿਜ (ਏਡਬਲੂਐਸ) . ਕੰਪਨੀ ਨੇ ਅੱਜ ਰਾਸਟਰੀ ਸਿੱਖਿਆ ਨੀਤੀ ਐਕਸਲੇਟਰ ਪ੍ਰੋਗਰਾਮ (ਐਨਈਪੀਏਪੀ) ਦੀ ਸੁਰੂਆਤ ਦੀ ਘੋਸਣਾ ਕੀਤੀ ਜਿਹੜਾ ਭਾਰਤ ਵਿੱਚ ਅਕਾਦਮਿਕ ਅਦਾਰਿਆਂ ਨੂੰ ' ਸਰਕਾਰ ਦੀ ਰਾਸਟਰੀ ਸਿੱਖਿਆ ਨੀਤੀ 2020 (ਐਨਈਪੀ 2020) ਵਿੱਚ ਦਰਜ ਤਕਨਾਲੋਜੀ ਜਰੂਰਤਾਂ ਦੇ ਨਾਲ ਇਕਸਾਰ ਹੋਣ ਦੇ ਲਈ ਇੱਕ ਪਹਿਲ ਹੈ . ਐਨਈਪੀ 2020 ਦਾ ਮਕਸਦ ਭਾਰਤ ਦੇ ਸਿੱਖਿਆ ਖੇਤਰ ਨੂੰ ਮਜਬੂਤ ਬਣਾਉਣਾ ਹੈ ਜੋ ਦੇਸ ਦੇ ਵਾਧੇ ਅਤੇ ਵਿਕਾਸ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾਉਂਦਾ ਹੈ ਹਰੇਕ ਪੱਧਰ 'ਤੇ ਸਿੱਖਣ ਅਤੇ ਅਧਿਆਪਨ ਵਿੱਚ ਸੁਧਾਰ ਕਰਨ ਲਈ ਸਿੱਖਿਆ ਵਿੱਚ ਤਕਨਾਲੋਜੀ ਨੂੰ ਏਕੀਕ੍ਰਿਤ ਕਰਨ ਦੀ ਜਰੂਰਤ ਨੂੰ ਦਰਸਾਉਂਦਾ ਹੈ . ਐਕਸਲੇਟਰ ਪ੍ਰੋਗਰਾਮ ਐਨਈਪੀ 2020 ਦੇ ਦੋ ਮੁੱਖ ਸਿਧਾਂਤਾਂ ਦਾ ਸੰਬੋਧਨ ਕਰੇਗਾ - ਅਧਿਆਪਨ ਸਿੱਖਣਾ ਸਿੱਖਿਆ ਦੀ ਯੋਜਨਾ ਬਣਾਉਣਾ ਅਤੇ ਪ੍ਰਬੰਧਨ ਵਿੱਚ ਤਕਨਾਲੋਜੀ ਦੀ ਵਿਆਪਕ ਵਰਤੋਂ 'ਤੇ; ਅਤੇ ਸਿੱਖਿਆ ਦੇ ਖੇਤਰ ਵਿੱਚ ਕਈ ਪਲੇਟਫਾਰਮਾਂ ਅਤੇ ਪੁਆਇੰਟ ਦੇ ਹੱਲਾਂ ਦਾ ਸਹਿਯੋਗ ਕਰਨ ਲਈ ਇੱਕ ਖੁੱਲਾ ਅੰਤਰ-ਕਾਰਜਸੀਲ ਵਿਕਸਤ ਜਨਤਕ ਡਿਜੀਟਲ ਬੁਨਿਆਦੀ ਢਾਂਚਾ ਬਣਾਉਣ ਵਿੱਚ .ਐਕਸਲੇਟਰ ਪ੍ਰੋਗਰਾਮ ਐਨਈਪੀ 2020 ਦੇ ਕਈ ਪਹਿਲੂਆਂ 'ਤੇ ਅਕਾਦਮਿਕ ਅਦਾਰਿਆਂ ਦਾ ਮਾਰਗਦਰਸਨ ਕਰੇਗਾ . ਇਹ ਅਕਾਦਮਿਕ ਅਦਾਰਿਆਂ ਦੀਆਂ ਵਿਲੱਖਣ ਚੁਣੌਤੀਆਂ ਦੀ ਪਛਾਣ ਅਤੇ ਤਰਜੀਹ ਤੇ ਧਿਆਨ ਕੇਂਦ੍ਰਤ ਕਰਕੇ ਅਤੇ ਆਰਟੀਫੀਸੀਅਲ ਇੰਟੈਲੀਜੈਂਸ ਅਤੇ ਮਸੀਨ ਲਰਨਿੰਗ ਵਰਗੀਆਂ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਸਹਿ-ਨਿਰਮਾਣ ਹੱਲ ਜਾਂ ਪਰੂਫ-ਆਫ-ਕੰਨਸੇਪਟ ਤੇ ਧਿਆਨ ਕੇਂਦ੍ਰਤ ਕਰਨ ਲਈ ਡਿਜੀਟਲ ਨਵੀਨਤਾ ਵਰਕਸਾਪਾਂ ਦਾ ਆਯੋਜਨ ਕਰਕੇ ਅਕਾਦਮਿਕ ਅਦਾਰਿਆਂ ਦਾ ਸਹਿਯੋਗ ਕਰੇਗਾ . ਏਡਬਲੂਐਸ ਇਹਨਾਂ ਵਰਕਸਾਪਾਂ ਨੂੰ ਐਮਾਜਾਨ ਵਰਕਿੰਗ ਬੈਕਵਰਡ ਨਵੀਨਤਾ ਕਾਰਜਪ੍ਰਣਾਲੀ ਦੇ ਅਧਾਰ ਤੇ ਚਲਾਏਗਾ ਜੋ ਇੱਕ ਗਾਹਕ-ਕੇਂਦ੍ਰਿਤ ਮੁਸਕਲਾਂ ਜਾਂ ਅਵਸਰਾਂ ਦੀ ਪਛਾਣ ਕਰਨ ਅਤੇ ਪਰਿਭਾਸਸ? ਤ ਕਰਨ ਅਤੇ ਪ੍ਰੋਟੋਟਾਈਪ ਦਾ ਵਿਕਾਸ ਕਰਨ ਲਈ ਡਿਜਾਈਨ ਸੋਚ ਦੀ ਵਰਤੋਂ ਕਰਦਾ ਹੈ . ਐਕਸਲੇਟਰ ਪ੍ਰੋਗਰਾਮ ਦੇ ਰਾਹੀਂ ਏਡਬਲੂਐਸ ਅਤੇ ਏਪੀਜੇ ਸਿੱਖਿਆ ਬਣਾਉਣ ਅਤੇ ਲਾਗੂ ਕਰਨ ਲਈ ਏਡਬਲੂਐਸ ਕ੍ਰੈਡਿਟ ਸਮਰੱਥਾ ਨਿਰਮਾਣ ਵਰਕਸਾਪਾਂ ਅਤੇ ਸਮਰਪਿਤ ਸਰੋਤਾਂ ਤੱਕ ਪਹੁੰਚ ਦੇ ਨਾਲ ਵਿੱਦਿਅਕ ਅਦਾਰਿਆਂ ਦਾ ਸਹਿਯੋਗ ਕਰਨਗੇ . ਏਪੀਜੇ ਸਿੱਖਿਆ ਸਿੱਖਿਆ ਦੇ ਖੇਤਰ ਵਿੱਚ ਡਿਜੀਟਲ ਹੱਲਾਂ ਦੀ ਵਰਤੋਂ ਕਰਨ ਵਿੱਚ ਮੁਹਾਰਤ ਲਿਆਵੇਗੀ ਅਤੇ ਪੂਰੇ ਭਾਰਤ ਵਿੱਚ ਹੋਰ ਅਦਾਰਿਆਂ ਤੱਕ ਪਹੁੰਚ ਵਧਾਉਣ ਲਈ ਹੱਲਾਂ ਦੀ ਜਾਂਚ ਵਿੱਚ ਸਹਾਇਤਾ ਕਰੇਗੀ।